

Founder & Chief Editor : Gurmit Singh

1 516 989 8001 | 1 631 835 8000

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE :

NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

00 VOL XVIII, ISSUE 1854 | SATURDAY FEBRUARY 07, 2026

NEW YORK


# SIKH CULTURAL SOCIETY ELECTION 2026



## ਸਿੱਖ ਸੁਸਾਇਟੀਆਂ ਅਤੇ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਇਹਨਾਂ ਪ੍ਰਭਾਵਸ਼ਾਲੀ ਆਗੂਆਂ ਦਾ ਵੀ ਚੋਣ ਪ੍ਰਕਿਰਿਆ ਉੱਤੇ ਸਿੱਧਾ ਪ੍ਰਭਾਵ

ਜਿਸ ਤਰ੍ਹਾਂ ਪੰਜਾਬ ਵਿੱਚ 2027 ਦੇ ਇਲੈਕਸ਼ਨਾਂ ਨੂੰ ਲੈ ਕੇ ਦੁਨੀਆ ਭਰ ਦੇ ਪੰਜਾਬੀਆਂ ਦੀਆਂ ਨਜ਼ਰਾਂ ਪੰਜਾਬ ਉੱਤੇ ਟਿਕੀਆਂ ਹੋਈਆਂ ਹਨ, ਉਸੇ ਤਰ੍ਹਾਂ ਹੀ ਅਮਰੀਕਾ ਦੀ ਸਭ ਤੋਂ ਵੱਡੀ ਤੇ ਪੁਰਾਣੀ ਸਿਰਮੌਰ ਸਿੱਖ ਸੰਸਥਾ ਅਤੇ ਟਰਾਈਸਟੇਟ ਦੇ ਗੁਰੂਘਰਾਂ ਦੀ ਮਾਂ ਸੰਸਥਾ ਵਜੋਂ ਜਾਣੀ ਜਾਂਦੀ ਨਿਊਯਾਰਕ ਦੀ ਸਿੱਖ ਕਲਚਰਲ ਸੋਸਾਇਟੀ ਦੀ ਹਰ ਗਤੀਵਿਧੀ ਉੱਤੇ ਤਕਰੀਬਨ ਅਮਰੀਕਾ ਭਰ ਦੀਆਂ ਸਿੱਖ ਸੰਸਥਾਵਾਂ ਅਤੇ ਸੋਸਾਇਟੀਆਂ ਦੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਹਨ।

ਇਸੇ ਸਬੰਧ ਵਿੱਚ ਇਸ ਸਾਲ 2026 ਵਿੱਚ, ਜੁਲਾਈ ਦੇ ਮਹੀਨੇ ਵਿਚ ਚੋਣਾਂ ਹਨ, ਪਰ ਇਸ ਤੋਂ ਪਹਿਲਾਂ ਵੀ ਹੋ ਸਕਦੀਆਂ ਹਨ। ਇਹ ਸਾਰਾ ਚੋਣ ਇਲੈਕਸ਼ਨ ਕਮਿਸ਼ਨ ਉੱਤੇ ਨਿਰਭਰ ਕਰਦਾ ਹੈ।

ਅੱਗੇ ਲਿਖਣ ਤੋਂ ਪਹਿਲਾਂ, ਮੈਂ ਇਸ ਸੰਸਥਾ ਬਾਰੇ ਸੰਗਤਾਂ ਨਾਲ ਥੋੜ੍ਹੀ ਜਿਹੀ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹਾਂ ਕਿ



GURMIT SINGH
GOLD MEDALIST
CEO/PRESIDENT & CHIEF EDITOR
APNA PUNJAB MEDIA GROUP
NEW YORK

ਇਹ ਸੰਸਥਾ ਤਕਰੀਬਨ 58 ਸਾਲ ਪੁਰਾਣੀ ਹੈ, ਜੋ ਕਿ 11, 1968 ਨੂੰ ਰਜਿਸਟਰ ਕੀਤੀ ਗਈ ਸੀ।

ਇਹ ਉਹੀ ਸੰਸਥਾ ਹੈ ਜਿੱਥੇ ਇੰਦਰਾ ਗਾਂਧੀ 1 ਅਗਸਤ, 1982 ਨੂੰ ਇਸ ਗੁਰੂਘਰ ਵਿੱਚ ਨਤਮਸਤਕ ਹੋਈ ਸੀ ਅਤੇ ਉਸ ਵੇਲੇ ਤਤਕਾਲੀ ਪ੍ਰਧਾਨ/ਸੇਵਾਦਾਰ ਤੇਜਿੰਦਰ ਸਿੰਘ ਕਾਹਲੋਂ ਸਨ।

ਸਮੇਂ-ਸਮੇਂ ਤੇ ਪੰਜਾਬ ਅਤੇ ਭਾਰਤ ਨਾਲ ਸਬੰਧਤ ਕਈ ਮਹਾਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਸਤੀਆਂ ਇਸ ਗੁਰੂਘਰ ਵਿੱਚ ਨਤਮਸਤਕ ਹੁੰਦੀਆਂ ਰਹੀਆਂ ਹਨ।

ਵਰਨਣਯੋਗ ਹੈ ਕਿ 1984 ਦੇ ਘਲੂਘਾਰੇ ਤੋਂ ਬਾਅਦ ਨਿਊਯਾਰਕ ਵਿਖੇ ਇਸੇ ਗੁਰੂਘਰ ਤੋਂ ਮਨਹਾਟਨ ਵਿਖੇ 23 ਅਪ੍ਰੈਲ 1988 ਦਿਨ ਸ਼ਨੀਵਾਰ ਤੋਂ ਸਿੱਖ ਡੇਅ ਪਰੇਡ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਸੀ।


ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL ESTD. 2005
APNA PUNJAB
Journalism With Guts to Tell It Like It Is!


ਇੱਥੇ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਸਾਲ 2007 ਵਿਚ ਉਸ ਵੇਲੇ ਦੇ ਮੁਖ ਸੇਵਾਦਾਰ ਅਵਤਾਰ ਸਿੰਘ ਪੰਨੂ ਵਲੋਂ ਸਿੱਖ ਫਾਰ ਜਸਟਿਸ ਦਾ ਗਠਨ ਕੀਤਾ ਗਿਆ ਸੀ, ਜਿਸ ਦੀ ਪੂਰੀ ਦੁਨੀਆ ਵਿੱਚ ਬੈਠੇ ਸਿੱਖਾਂ ਵੱਲੋਂ ਸਰਾਹਨਾ ਕੀਤੀ ਗਈ ਸੀ ਕਿਉਂਕਿ ਇਹ ਸੰਸਥਾਂ ਦਾ ਮੁਖ ਉਦੇਸ਼ ਦੁਨੀਆ ਭਰ ਵਿਚ ਬੈਠੇ ਸਿਖਾਂ ਨਾਲ ਜੇਕਰ ਕਿਧਰੇ ਵੀ ਧੱਕਾ ਹੁੰਦਾ ਹੈ ਤਾ ਉਹਨਾਂ ਦਾ ਸਾਥ ਦਿੱਤਾ ਜਾਵੇਗਾ।

ਬੇਸ਼ਕ ਇਹ ਸੰਸਥਾਂ ਸਮੇਂ ਦੇ ਪ੍ਰਭਾਵ ਨੂੰ ਦੇਖਦਿਆਂ ਆਪਣੇ ਅਸਲੀ ਟੀਚੇ ਤੋਂ ਭਟਕ ਗਈ ਹੈ, ਪਰ ਇਹ ਇਕ ਅਲੱਗ ਵਿਸ਼ਾ ਹੈ ਜਿਸਦਾ ਜ਼ਿਕਰ ਕਿਸੇ ਹੋਰ ਵੇਲੇ ਅਲੱਗ ਤੌਰ 'ਤੇ ਕਰਾਂਗੇ।

ਅੱਜ ਦਾ ਮੁੱਖ ਵਿਸ਼ਾ ਇਸ ਗੁਰੂਘਰ ਦੇ ਇਲੈਕਸ਼ਨ ਦਾ ਹੈ ਅਤੇ ਇਹ ਵਿਸ਼ਾ ਸ਼ੁਰੂ ਕਰਨ ਦਾ ਕਾਰਨ ਇਹ ਹੈ ਕਿ ਇਸ ਵਾਰੀ ਪ੍ਰਧਾਨਗੀ ਲਈ ਤਕਰੀਬਨ 7 ਉਮੀਦਵਾਰ ਮੈਦਾਨ ਵਿੱਚ ਹਨ, ਜੋ ਕਿ ਆਪਣਾ ਪੰਜਾਬ ਨਾਲ ਵੀ ਸੰਪਰਕ ਬਣਾ ਰਹੇ ਹਨ, ਪਰ ਇੱਥੇ ਅਸੀਂ ਉਹਨਾਂ ਦੇ ਨਾਮ ਲਿਖੇ ਬਿਨਾਂ ਹੀ ਇਸ ਮਾਮਲੇ ਨੂੰ ਸਾਂਝੇ ਤੌਰ ਤੇ ਵਿਚਾਰ ਵਟਾਂਦਰਾ ਕਰਾਂਗੇ।

ਸਭ ਤੋਂ ਮਹੱਤਵਪੂਰਨ ਵਿਸ਼ਾ ਵੋਟਾਂ ਦੀ ਘਟਦੀ ਜਾ ਰਹੀ ਗਿਣਤੀ ਹੈ।

ਜੇ ਅਸੀਂ ਗੱਲ ਕਰੀਏ ਅਤੇ ਪਿਛਲੇ 12 ਸਾਲਾਂ ਵੱਲ ਵੇਖੀਏ ਤਾਂ ਗੁਰੂਘਰ ਦੀ ਸੰਗਤ ਅਤੇ ਗੋਲਕ ਵਿੱਚ ਵਾਧਾ ਹੋ ਰਿਹਾ ਹੈ, ਤਾਂ ਇਸ ਦਾ ਮਤਲਬ ਹੈ ਕਿ ਸੰਗਤ ਵੱਧ ਰਹੀ ਹੈ, ਪਰ ਫਿਰ ਵੋਟਾਂ ਦੀ ਗਿਣਤੀ ਕਿਉਂ ਘਟ ਰਹੀ ਹੈ? ਇਸ ਦੇ ਕੀ ਕਾਰਨ ਹਨ?

ਇਹ ਵਿਸ਼ਾ ਬਹੁਤ ਗੰਭੀਰ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਇਸ ਵਿਸ਼ੇ ਨੂੰ ਬੜੇ ਸੂਜਵਾਨ ਤਰੀਕੇ ਨਾਲ ਸੁਲਝਾਇਆ ਜਾ ਸਕੇ ਕਿਉਂਕਿ ਮੈਂ ਖੁਦ ਇਸ ਗੁਰੂ ਘਰ ਦੇ ਨਾਲ ਲੰਬੇ ਸਮੇਂ ਤੋਂ ਜੁੜਿਆ ਹਾਂ। ਮੇਰੇ ਵਾਸਤੇ ਗੁਰੂਘਰ ਦੇ ਨਾਲ ਨਾਲ ਇਥੇ ਦੀ ਸੰਗਤ ਇਥੇ ਦੇ ਆਗੂ, ਵਜ਼ੀਰ ਸਾਹਿਬਾਨ ਸਭ ਮੇਰੇ ਵਾਸਤੇ ਸਤਿਕਾਰਤਾ ਹਨ ਅਤੇ ਬਿਨਾ ਕਿਸੇ ਪਾਰਟੀਬਾਜ਼ੀ ਤੋਂ ਮੈਂ ਇਸ ਗੁਰੂਘਰ ਦੀ ਬੇਹਤਰੀ ਵਾਸਤੇ ਸੋਚਦਾ ਹਾਂ।

ਇਸ ਗੁਰੂਘਰ ਦੀਆਂ ਚੋਣਾਂ ਦੇ ਸਬੰਧ ਵਿੱਚ, ਜਿਵੇਂ ਕਿ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ, ਇਲਾਕੇ ਦੀਆਂ ਸੋਸਾਇਟੀਆਂ ਅਤੇ ਧਾਰਮਿਕ ਸੰਸਥਾਵਾਂ ਦੇ ਨਾਲ ਕੁਝ ਪ੍ਰਭਾਵਸ਼ਾਲੀ ਆਗੂਆਂ ਦਾ ਵੀ ਇਸ ਗੁਰੂਘਰ ਦੀ ਮੈਨੇਜਮੈਂਟ ਅਤੇ ਚੋਣ ਪ੍ਰਕਿਰਿਆ ਉੱਤੇ ਸਿੱਧਾ ਪ੍ਰਭਾਵ ਪੈਂਦਾ ਰਿਹਾ ਹੈ, ਅਤੇ ਅਜਿਹੇ ਕੁਝ ਆਗੂਆਂ ਦਾ ਅਸੀਂ ਅੱਗੇ ਜ਼ਿਕਰ ਕਰ ਰਹੇ ਹਾਂ।

Cont...

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕਰਨ ਲਈ ਤੁਸੀਂ ਮੈਨੂੰ ਇਸ WhatsApp ਨੰਬਰ 1 516 989 8001 'ਤੇ ਸੰਪਰਕ ਕਰ ਸਕਦੇ ਹੋ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Founder & Chief Editor : Gurmit Singh
1516 989 8001 | 1631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
1 VOL XVIII, ISSUE 1854 | SATURDAY FEBRUARY 07, 2026
NEW YORK

BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

*Visit our dedicated pages for the latest national and international news.*

# India-US trade framework:
# ਭਾਰਤੀ ਵਸਤੂਆਂ 'ਤੇ ਟੈਕਸ ਘਟ ਕੇ ਹੋਵੇਗਾ 18 ਫੀਸਦੀ

## ਭਾਰਤ ਦੇ ਟੈਕਸਟਾਈਲ, ਚਮੜਾ, ਪਲਾਸਟਿਕ, ਰਬੜ, ਜੈਵਿਕ ਰਸਾਇਣ ਅਤੇ ਕਲਾਤਮਕ ਵਸਤੂਆਂ ਵਰਗੇ ਖੇਤਰਾਂ ਦੇ ਨਿਰਯਾਤ ਨੂੰ ਹੁਲਾਰਾ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਭਾਰਤ ਅਤੇ ਅਮਰੀਕਾ ਨੇ ਸ਼ਨਿਚਰਵਾਰ ਨੂੰ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤੀ ਜਤਾਈ ਹੈ, ਜਿਸ ਦੇ ਤਹਿਤ ਨਵੀਂ ਦਿੱਲੀ 'ਤੇ ਲਗਾਏ ਗਏ ਟੈਕਸ ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਜਾਵੇਗਾ। ਸਮਝੌਤੇ ਅਨੁਸਾਰ, ਭਾਰਤ ਸਾਰੀਆਂ ਅਮਰੀਕੀ ਉਦਯੋਗਿਕ ਵਸਤੂਆਂ ਅਤੇ ਅਮਰੀਕੀ ਭੋਜਨ ਤੇ ਖੇਤੀਬਾੜੀ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਖਤਮ ਕਰੇਗਾ ਜਾਂ ਘਟਾਏਗਾ, ਜਿਸ ਵਿੱਚ ਸੁੱਕੇ ਡਿਸਟਿਲਰ ਅਨਾਜ, ਪਸ਼ੂ ਖੁਰਾਕ ਲਈ ਲਾਲ ਸੋਰਘਮ, ਟ੍ਰੀ ਨਟਸ, ਤਾਜ਼ੇ ਅਤੇ ਪ੍ਰੋਸੈਸ ਕੀਤੇ ਫਲ, ਸੋਇਆਬੀਨ ਤੇਲ, ਵਾਈਨ ਤੇ ਸਪਿਰਿਟ ਅਤੇ ਹੋਰ ਉਤਪਾਦ ਸ਼ਾਮਲ ਹਨ। ਦੋਵਾਂ ਦੇਸ਼ਾਂ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਅਤੇ ਭਾਰਤ ਇਹ ਐਲਾਨ ਕਰਦੇ ਹੋਏ ਖੁਸ਼ ਹਨ ਕਿ ਉਹ ਆਪਸੀ ਅਤੇ ਲਾਭਕਾਰੀ ਵਪਾਰ ਦੇ ਸਬੰਧ ਵਿੱਚ ਇੱਕ ਅੰਤਰਿਮ ਸਮਝੌਤੇ ਲਈ ਫਰੇਮਵਰਕ 'ਤੇ ਪਹੁੰਚ ਗਏ ਹਨ।

ਬਿਆਨ ਵਿੱਚ ਅੱਗੇ ਕਿਹਾ ਗਿਆਕਿਇਹਫਰੇਮਵਰਕ 13 ਫਰਵਰੀ, 2025 ਨੂੰ ਰਾਸ਼ਟਰਪਤੀ ਡੋਨਲਡ ਜੇ. ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਵਿਆਪਕ ਅਮਰੀਕਾ-ਭਾਰਤ ਦੁਵੱਲੇ ਵਪਾਰ ਸਮਝੌਤੇ (BTA) ਦੀ ਗੱਲਬਾਤ ਪ੍ਰਤੀ ਦੇਸ਼ਾਂ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਾ ਹੈ। ਸਮਝੌਤੇ ਦੀਆਂ ਮੁੱਖ ਸ਼ਰਤਾਂ ਅਨੁਸਾਰ ਅਮਰੀਕਾ ਭਾਰਤੀ ਵਸਤੂਆਂ 'ਤੇ ਦਰਾਮਦ ਡਿਊਟੀ ਘਟਾ ਕੇ 18 ਫੀਸਦੀ ਕਰੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਅਮਰੀਕਾ ਨੇ ਰੂਸੀ ਤੇਲ ਦੀ ਖਰੀਦ ਕਾਰਨ ਭਾਰਤ 'ਤੇ 25 ਫੀਸਦੀ ਪਰਸਪਰ ਟੈਕਸ ਅਤੇ 25 ਫੀਸਦੀ ਵਾਧੂ ਲੇਵੀ ਲਗਾਈ ਸੀ। 50 ਫੀਸਦੀ ਟੈਕਸ ਕਾਰਨ ਭਾਰਤੀ ਨਿਰਯਾਤਕਾਂ ਨੂੰ ਭਾਰੀ ਮਾਰ ਪਈ ਸੀ। ਟੈਕਸ ਵਿੱਚ ਇਸ ਕਟੌਤੀ ਨਾਲ ਭਾਰਤ ਦੇ ਟੈਕਸਟਾਈਲ, ਚਮੜਾ, ਪਲਾਸਟਿਕ, ਰਬੜ, ਜੈਵਿਕ ਰਸਾਇਣ ਅਤੇ ਕਲਾਤਮਕ ਵਸਤੂਆਂ ਵਰਗੇ ਖੇਤਰਾਂ ਦੇ ਨਿਰਯਾਤ ਨੂੰ ਹੁਲਾਰਾ ਮਿਲੇਗਾ।

ਦੋਵੇਂ ਦੇਸ਼ ਤਕਨਾਲੋਜੀ ਉਤਪਾਦਾਂ, ਜਿਵੇਂ ਕਿ ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟਸ (GPUs) ਦੇ ਵਪਾਰ ਵਿੱਚ ਮਹੱਤਵਪੂਰਨ ਵਾਧਾ ਕਰਨਗੇ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਲਈ ਆਰਥਿਕ ਸੁਰੱਖਿਆ ਤਾਲਮੇਲ ਵਧਾਉਣ 'ਤੇ ਵੀ ਸਹਿਮਤ ਹੋਏ ਹਨ।

# ਮੁੱਖ ਮੰਤਰੀ ਮਾਨ ਵਲੋਂ ਖੁਰਾਲਗੜ੍ਹ ਸਾਹਿਬ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਸਮਾਗਮਾਂ ਦੀ ਕੀਤੀ ਸ਼ੁਰੂਆਤ

## 650ਵੇਂ ਗੁਰਪੁਰਬ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਦਾ ਕੀਤਾ ਐਲਾਨ

### ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਮਾਨਵਤਾ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ: ਭਗਵੰਤ ਮਾਨ

**ਹੁਸ਼ਿਆਰਪੁਰ : ਆਪਣਾ ਪੰਜਾਬ ਮੀਡੀਆ :** ਪੰਜਾਬ ਸਰਕਾਰ ਨੇ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਖੁਰਾਲਗੜ੍ਹ ਵਿੱਚ ਰਾਜ ਪੱਧਰੀ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਸਾਲ ਭਰ ਸੰਤ ਸੰਮੇਲਨ, ਕਾਨਫਰੰਸਾਂ ਅਤੇ ਸੈਮੀਨਾਰ ਕਰਵਾਉਣ ਦਾ ਐਲਾਨ ਕੀਤਾ। ਸਰਕਾਰ ਵੱਲੋਂ ਖੁਰਾਲਗੜ੍ਹ ਯਾਦਗਾਰ ਦੇ ਵਿਸਥਾਰ ਅਤੇ ਜਲੰਧਰ ਦੇ ਫ਼ਰੀਦਪੁਰ-ਨੌਗਜ਼ਾ ਵਿੱਚ 10 ਕਰੋੜ ਰੁਪਏ ਨਾਲ



ਗੁਰੂ ਰਵਿਦਾਸ ਅਧਿਐਨ ਕੇਂਦਰ ਬਣਾਉਣ ਦੀ ਵੀ ਘੋਸ਼ਣਾ ਕੀਤੀ ਗਈ। ਸਮਾਗਮ ਵਿੱਚ ਕਈ ਮੰਤਰੀ, ਵਿਧਾਇਕ ਅਤੇ ਸੰਤ ਸਮਾਜ ਦੀਆਂ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਰਹੀਆਂ। ਇਸ ਮੌਕੇ ਸੀਨੀਅਰ 'ਆਪ' ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਹ ਖੁਰਾਲਗੜ੍ਹ ਦੀ ਇਸ ਪਵਿੱਤਰ ਧਰਤੀ 'ਤੇ ਆਉਣ ਦਾ ਮੌਕਾ ਮਿਲਣ 'ਤੇ ਮਾਣ ਮਹਿਸੂਸ ਕਰ ਰਹੇ ਹਨ। ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸੰਤ ਸਮਾਜ ਆਗੂਆਂ ਤੋਂ ਇਲਾਵਾ ਪੰਜਾਬ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੌੜੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

 Copyright: Apna Punjab Media 2025-26 Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1854 | SATURDAY FEBRUARY 07, 2026
NEW YORK


Indian PASSPORT & VISA SERVICE



# PASSPORT VISA & IMMIGRATION ASSISTANCE

OUR BEST SERVICE

## Immigration Form Fill Out

- Citizenship Application
- Relative Petition
- Re-Entry Permit
- Affidavit of Support
- Adjustment of Status
- Visa Extension
- Advance Parole
- Condition Removal
- Work Authorization
- Travel document, etc

## Travel/ Flight Tickets

- All Domestic & International Ticketing

## Passport- Visa

- Passport Renewal
- OCI
- Sponsership
- UK Visa
- China Visa
- Visa
- Renunciation
- USA Passport
- Scahenegen Visa
- Pakistan Visa
- Guyana Passport
- Renewal
- Renunciation
- USA Passport
- Scahenegen Visa
- Pakistan Visa
- Guyana Passport
- Renewal

## Miscellaneous Service

- Translation Services: Punjabi to English, Hindi & Hindi , English to Punjabi
- Power of Attorney
- Pan Card

## Tax & Accounting, E Filing, Corporate Taxes

- E-Filing
- Individual Income Tax of all U.S States
- Current Year & All prior Years Tax Returns
- Self Employed Taxes
- Business Tax, Corporate Tax, Sales Tax
- Employee payroll & Book Keeping Services

More info : 347 956 0721 917 396 8699

info@indianpassportcenter.com www.indianpassportcenter.com

97-28 Lefferts Blvd South Richmond Hill NY 11419



Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ



# India-US trade: ਵਪਾਰ ਸਮਝੌਤਾ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰੇਗਾ: PM ਮੋਦੀ

### ਫਰੇਮਵਰਕ ਭਾਰਤ-ਅਮਰੀਕਾ ਭਾਈਵਾਲੀ ਦੀ ਵਧਦੀ ਡੂੰਘਾਈ,ਵਿਸ਼ਵਾਸ ਅਤੇ ਗਤੀਸ਼ੀਲਤਾ ਦਾ ਪ੍ਰਤੀਕ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਅਮਰੀਕਾ ਨਾਲ ਅੰਤਰਿਮ ਵਪਾਰ ਸਮਝੌਤਾ ਕਿਸਾਨਾਂ ਅਤੇ ਉੱਦਮੀਆਂ ਲਈ ਨਵੇਂ ਮੌਕੇ ਖੋਲ੍ਹਦਿਆਂ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰੇਗਾ ਅਤੇ ਔਰਤਾਂ ਤੇ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰੇਗਾ। ਪ੍ਰਧਾਨ ਮੰਤਰੀ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਮਜ਼ਬੂਤ ਸਬੰਧਾਂ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿੱਜੀ ਵਚਨਬੱਧਤਾ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਮੋਦੀ ਨੇ ਐਕਸ (X) 'ਤੇ ਇੱਕ ਪੋਸਟ ਵਿੱਚ ਕਿਹਾ ਕਿ ਭਾਰਤ ਅਤੇ ਅਮਰੀਕਾ ਲਈ ਬਹੁਤ ਵਧੀਆ ਖ਼ਬਰ! ਅਸੀਂ ਆਪਣੇ ਦੋਵਾਂ ਮਹਾਨ ਦੇਸ਼ਾਂ ਵਿਚਕਾਰ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤ ਹੋ ਗਏ ਹਾਂ। ਉਨ੍ਹਾਂ ਕਿਹਾ ਕਿ ਇਹ ਫਰੇਮਵਰਕ ਭਾਰਤ-ਅਮਰੀਕਾ ਭਾਈਵਾਲੀ ਦੀ ਵਧਦੀ ਡੂੰਘਾਈ,ਵਿਸ਼ਵਾਸ ਅਤੇ ਗਤੀਸ਼ੀਲਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਭਾਰਤ ਦੇ ਮਿਹਨਤੀ ਕਿਸਾਨਾਂ, ਉੱਦਮੀਆਂ, MSMEs,ਸਟਾਰਟਅੱਪ ਇਨੋਵੇਟਰਾਂ,ਮਛੇਰਿਆਂ ਅਤੇ ਹੋਰਾਂ ਲਈ ਨਵੇਂ ਮੌਕੇ ਖੋਲ੍ਹ ਕੇ 'ਮੇਕ ਇਨ ਇੰਡੀਆ' ਨੂੰ ਮਜ਼ਬੂਤ ਕਰਦਾ ਹੈ। ਇਹ ਔਰਤਾਂ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਪੈਦਾ ਕਰੇਗਾ।

# ਮੋਦੀ 'ਚ ਸਵਾਲਾਂ ਦੇ ਜਵਾਬ ਦੇਣ ਦਾ ਹੌਸਲਾ ਨਹੀਂ: ਖੜਗੇ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਰਾਜ ਸਭਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਭਾਸ਼ਣ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਵਿੱਚ ਉਨ੍ਹਾਂ ਨੂੰ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਦਾ ਹੌਸਲਾ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਸਦਨ ਨੂੰ ਲੋਕਤੰਤਰੀ ਢੰਗ ਨਾਲ ਨਹੀਂ ਚਲਾਉਣਾ ਚਾਹੁੰਦੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਖੜਗੇ ਨੇ ਕਿਹਾ ਕਿ ਝੂਠ ਨੂੰ ਦੁਹਰਾਉਣਾ ਮੋਦੀ ਦਾ ਕੰਮ ਬਣ ਗਿਆ ਹੈ। ਰਾਸ਼ਟਰਪਤੀ ਦੇ ਸੰਬੋਧਨ 'ਤੇ ਧੰਨਵਾਦ ਮਤੇ ਦੀ ਚਰਚਾ ਦੇ ਆਪਣੇ 97 ਮਿੰਟਾਂ ਦੇ ਜਵਾਬ ਵਿੱਚ ਉਨ੍ਹਾਂ ਨੇ ਕੋਈ ਵੀ ਅਹਿਮ ਜਾਂ ਜ਼ਰੂਰੀ ਗੱਲ ਨਹੀਂ ਕਹੀ। ਖੜਗੇ ਨੇ ਕਿਹਾ, "ਜਦੋਂ ਅਸੀਂ ਰਾਸ਼ਟਰਪਤੀ ਦੇ ਸੰਬੋਧਨ 'ਤੇ ਆਪਣੇ ਵਿਚਾਰ ਪੇਸ਼ ਕੀਤੇ ਤਾਂ ਪ੍ਰਧਾਨ ਮੰਤਰੀ ਨੇ ਇੱਕ ਵੀ ਨੁਕਤੇ ਦਾ ਜਵਾਬ ਨਹੀਂ ਦਿੱਤਾ।" ਸਾਬਕਾ ਥਲ ਸੈਨਾ ਮੁਖੀ ਐੱਮ ਐੱਮ ਨਰਵਣੇ ਦੀ ਕਿਤਾਬ ਦਾ ਜ਼ਿਕਰ ਕਰਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ, "ਜਦੋਂ ਸਾਨੂੰ ਸ੍ਰੀ ਨਰਵਣੇ ਦੀ ਕਿਤਾਬ ਮਿਲ ਗਈ ਹੈ, ਤਾਂ ਸੱਤਾ ਵਿੱਚ ਬੈਠੇ ਲੋਕਾਂ ਕੋਲ ਇਹ ਕਿਵੇਂ ਨਹੀਂ ਹੋ ਸਕਦੀ? ਉਹ ਸੰਸਦ ਵਿੱਚ ਕਹਿ ਰਹੇ ਹਨ ਕਿ ਕਿਤਾਬ ਪ੍ਰਕਾਸ਼ਿਤ ਹੀ ਨਹੀਂ ਹੋਈ।'

# Uber, Ola, Rapido ਡਰਾਈਵਰਾਂ ਵੱਲੋਂ ਦੇਸ਼ ਭਰ 'ਚ ਹੜਤਾਲ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਬਸਪਾ ਐਪ-ਆਧਾਰਿਤ ਟੈਕਸੀ ਅਤੇ ਆਟੋ ਰਿਕਸ਼ਾ ਚਾਲਕਾਂ ਦੀ ਯੂਨੀਅਨ ਨੇ ਕਈ ਮੰਗਾਂ ਨੂੰ ਲੈ ਕੇ ਅੱਜ ਸ਼ਨਿਚਰਵਾਰ ਵਾਲੇ ਦਿਨ ਹੜਤਾਲ ਦਾ ਸੱਦਾ ਦਿੱਤਾ ਹੈ। ਇਨ੍ਹਾਂ ਡਰਾਈਵਰਾਂ ਨੇ ਘੱਟੋ-ਘੱਟ ਬੇਸ ਕਿਰਾਇਆ ਤੈਅ ਕਰਨ ਅਤੇ ਗੱਡੀਆਂ ਵਿੱਚ ਪੈਨਿਕ ਬਟਨ ਲਗਾਉਣ ਦੀ ਲਾਜ਼ਮੀ ਸ਼ਰਤ ਆਦਿ ਮਾਮਲੇ 'ਤੇ ਰੋਸ ਪ੍ਰਗਟਾਇਆ। ਮਹਾਰਾਸ਼ਟਰ ਕਾਮਗਾਰ ਸਭਾ ਨੇ ਕਿਹਾ ਕਿ ਦੇਸ਼ ਭਰ ਦੇ ਡਰਾਈਵਰ 7 ਫਰਵਰੀ ਨੂੰ ਓਲਾ, ਉਬਰ ਅਤੇ ਰੈਪਿਡੋ ਆਦਿ ਦੇ ਮਾਲਕਾਂ ਦੀਆਂ ਮਨਮਾਨੀਆਂ ਅਤੇ ਗੈਰ-ਕਾਨੂੰਨੀ ਬਾਈਕ ਟੈਕਸੀ ਸੇਵਾਵਾਂ ਵਿਰੁੱਧ ਪ੍ਰਦਰਸ਼ਨ ਕਰਨਗੇ। ਯੂਨੀਅਨ ਦਾ ਦਾਅਵਾ ਹੈ ਕਿ ਪੈਨਿਕ ਬਟਨ ਲਗਾਉਣ ਦੀ ਲਾਜ਼ਮੀ ਸ਼ਰਤ ਡਰਾਈਵਰਾਂ 'ਤੇ ਵੱਡਾ ਆਰਥਿਕ ਬੋਝ ਪਾ ਰਹੀ ਹੈ।




# Pappu Yadav 31 ਸਾਲ ਪੁਰਾਣੇ ਕੇਸ ਵਿਚ ਗ੍ਰਿਫ਼ਤਾਰ



**ਪਟਨਾ : ਆਪਣਾ ਪੰਜਾਬ ਮੀਡੀਆ:** ਬਿਹਾਰ ਪੁਲੀਸ ਨੇ ਪੂਰਨੀਆ ਦੇ ਸੰਸਦ ਮੈਂਬਰ ਪੱਪੂ ਯਾਦਵ ਨੂੰ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਹੈ।

ਇਹ ਕਾਰਵਾਈ ਕਿਸੇ ਨਵੇਂ ਮਾਮਲੇ ਵਿੱਚ ਨਹੀਂ ਸਗੋਂ 31 ਸਾਲ ਪੁਰਾਣੇ ਇੱਕ ਕੇਸ ਦੇ ਸਬੰਧ ਵਿੱਚ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਸਾਲ 1995 ਵਿੱਚ ਪੱਪੂ ਯਾਦਵ 'ਤੇ ਜ਼ਮੀਨ 'ਤੇ ਕਬਜ਼ਾ ਕਰਨ ਅਤੇ ਧੋਖਾਧੜੀ ਦੇ ਦੋਸ਼ ਲੱਗੇ ਸਨ ਅਤੇ ਇਸ ਪੁਰਾਣੇ ਮਾਮਲੇ ਵਿੱਚ ਹੁਣ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਗ੍ਰਿਫ਼ਤਾਰੀ ਦੌਰਾਨ ਖਾਸਾ ਹੰਗਾਮਾ ਹੋਇਆ। ਜਾਣਕਾਰੀ ਅਨੁਸਾਰ ਜਦੋਂ ਪੁਲੀਸ ਦੀ ਟੀਮ ਪੱਪੂ ਯਾਦਵ ਨੂੰ ਲੈਣ ਪਹੁੰਚੀ ਤਾਂ ਉਨ੍ਹਾਂ ਦੇ ਵੱਡੀ ਗਿਣਤੀ ਵਿੱਚ ਸਮਰਥਕਾਂ ਨੇ ਨਾਅਰੇਬਾਜ਼ੀ ਕੀਤੀ।

ਇਸ ਦੌਰਾਨ ਉਨ੍ਹਾਂ ਪੁਲੀਸ ਕਾਰਵਾਈ ਦਾ ਵਿਰੋਧ ਕੀਤਾ। ਸਮਰਥਕਾਂ ਦੇ ਵਿਰੋਧ ਦੇ ਬਾਵਜੂਦ ਪੁਲੀਸ ਨੇ ਸੰਸਦ ਮੈਂਬਰ ਨੂੰ ਹਿਰਾਸਤ ਵਿੱਚ ਲੈ ਲਿਆ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1854 | SATURDAY FEBRUARY 07, 2026






Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1854 | SATURDAY FEBRUARY 07, 2026




# APNA PUNJAB MEDIA GROUP NEW YORK

CONNECTING COMMUNITY WORLDWIDE SINCE 21 YEARS

ਆਪਣਾ ਪੰਜਾਬ APNA PUNJAB Journalism With Guts to Tell It Like It Is! APNA PUNJAB media.tv HD

USA CANADA AUS EUROPE INDIA

DAILY EDITIONS

APNA PUNJAB MEDIA IS NOW A FULLY ORGANIZED GLOBAL MEDIA NETWORK, EXPANDING ITS INTERNATIONAL PRESENCE IN 2026.










INTRODUCING UPDATED WEBSITE IN THREE LANGUAGE

SINGLE PACKAGE FOR ADVERTISEMENT IN NEWSPAPER, TV, WEBSITE & ON SOCIAL MEDIA

STAY CONNECTED THROUGH OUR OFFICIAL DIGITAL PLATFORMS

WIDER SOCIAL MEDIA ENGAGEMENT

INTRODUCING INTERNATIONAL COVERAGE PACKAGES

PERSONAL BRANDING | BUSINESS PROMOTION | EVENT COVERAGE | COMMUNITY MEDIA SUPPORT

WWW.APNAPUNJABMEDIA.COM

BOOK YOUR CUSTOM MEDIA PACKAGE TODAY

CONTACT US 1 516 989 8001 1 516 989 8004



Copyright: Apna Punjab Media 2025-26

BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ


# ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਡੈਨਿਸ਼ ਪ੍ਰਧਾਨ ਮੰਤਰੀ ਨਾਲ ਫੋਨ 'ਤੇ ਕੀਤੀ ਗੱਲਬਾਤ

## ਡੈਨਮਾਰਕ ਦੀ ਖੁਦਮੁਖਤਿਆਰੀ ਲਈ ਕੈਨੇਡਾ ਵੱਲੋਂ ਸਮਰਥਨ



**ਓਟਵਾ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈੱਟੇ ਫ੍ਰੈਡਰਿਕਸਨ ਨਾਲ ਬੀਤੇ ਦਿਨ ਟੈਲੀਫ਼ੋਨ 'ਤੇ ਗੱਲਬਾਤ ਕਰਦੇ ਹੋਏ ਡੈਨਮਾਰਕ ਦੀ ਖੁਦਮੁਖਤਿਆਰ ਅਤੇ ਭੂਗੋਲਿਕ ਅਖੰਡਤਾ ਲਈ ਕੈਨੇਡਾ ਦੇ ਮਜ਼ਬੂਤ ਸਮਰਥਨ ਨੂੰ ਦੁਹਰਾਇਆ। ਦੋਨਾਂ ਨੇ ਸਪਸ਼ਟ ਕੀਤਾ ਕਿ ਗ੍ਰੀਨਲੈਂਡ ਦੇ ਭਵਿੱਖ ਨਾਲ ਸਬੰਧਤ ਕਿਸੇ ਵੀ ਫੈਸਲੇ ਦਾ ਅਧਿਕਾਰ ਸਿਰਫ਼ ਗ੍ਰੀਨਲੈਂਡ ਅਤੇ ਡੈਨਮਾਰਕ ਕੋਲ ਹੀ ਹੈ। ਗੱਲਬਾਤ ਦੌਰਾਨ ਦੋਵੇਂ ਨੇਤਾ ਆਰਕਟਿਕ ਖੇਤਰ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਕੈਨੇਡਾ ਅਤੇ ਡੈਨਮਾਰਕ ਵੱਲੋਂ ਕੀਤੇ ਜਾ ਰਹੇ ਯਤਨਾਂ 'ਤੇ ਵੀ ਵਿਚਾਰਿਆ। ਪ੍ਰਧਾਨ ਮੰਤਰੀ ਕਾਰਨੀ ਨੇ ਆਰਕਟਿਕ ਸੁਰੱਖਿਆ, ਆਰਥਿਕ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਵੱਡੇ ਨਿਵੇਸ਼ ਕਰਨ ਦੀ ਕੈਨੇਡਾ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਅਤੇ ਨਾਰਡਿਕ-ਬਾਲਟਿਕ ਅੱਠ ਦੇਸ਼ਾਂ ਸਮੇਤ ਹੋਰ ਸਾਥੀ ਦੇਸ਼ਾਂ ਨਾਲ ਸਹਿਯੋਗ ਵਧਾਉਣ ਦੇ ਮੌਕੇ ਉਜਾਗਰ ਕੀਤੇ।

# ਕੈਨੇਡਾ ਵੱਲੋਂ ਨਵੀਂ ਰਾਸ਼ਟਰੀ ਆਟੋ ਰਣਨੀਤੀ ਦਾ ਐਲਾਨ, ਈਵੀ ਨੀਤੀ ਵਿੱਚ ਵੱਡਾ ਬਦਲਾਅ



**ਓਟਵਾ : ਆਪਣਾ ਪੰਜਾਬ ਮੀਡੀਆ :** ਫ਼ੈਡਰਲ ਸਰਕਾਰ ਨੇ ਅੱਜ ਕੈਨੇਡਾ ਲਈ ਨਵੀਂ ਨੈਸ਼ਨਲ ਆਟੋਮੋਟਿਵ ਰਣਨੀਤੀ ਦਾ ਐਲਾਨ ਕੀਤਾ ਹੈ, ਜਿਸ ਨਾਲ ਦੇਸ਼ ਦੀ ਆਟੋ ਉਦਯੋਗ ਨੀਤੀ ਵਿੱਚ ਵੱਡਾ ਮੋੜ ਆਇਆ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਸਰਕਾਰ ਹੁਣ ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜੋ ਕੈਨੇਡਾ ਦੇ ਆਪਣੇ ਕੰਟਰੋਲ ਵਿੱਚ ਹਨ ਅਤੇ ਇਸੀ ਦ੍ਰਿਸ਼ਟੀਕੋਣ ਨਾਲ ਆਟੋ ਉਦਯੋਗ ਨੂੰ ਮਜ਼ਬੂਤ ਬਣਾਉਣ ਦੀ ਯੋਜਨਾ ਤਿਆਰ ਕੀਤੀ ਗਈ ਹੈ।

ਰਣਨੀਤੀ ਅਨੁਸਾਰ, ਕੈਨੇਡਾ ਵਿੱਚ ਬਣਨ ਵਾਲੇ ਵਾਹਨਾਂ ਦੇ ਉਤਪਾਦਨ ਨੂੰ ਹੁਲਾਰਾ ਦਿੱਤਾ ਜਾਵੇਗਾ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਤੇ ਅਧੁਨਿਕ ਟੈਕਨੋਲਾਜੀ ਦੀ ਮਦਦ ਨਾਲ ਭਵਿੱਖ ਦੇ ਵਾਹਨ ਵਿਕਸਤ ਕੀਤੇ ਜਾਣਗੇ।

ਸਰਕਾਰ ਨੇ ਸ਼ੁਰੂਆਤੀ ਕਦਮ ਵਜੋਂ ਉਹ ਨਿਯਮ ਰੱਦ ਕਰ ਦਿੱਤਾ ਹੈ, ਜਿਸ ਤਹਿਤ 2035 ਤੱਕ ਕੈਨੇਡਾ ਵਿੱਚ ਵਿਕਣ ਵਾਲੀਆਂ ਸਾਰੀਆਂ ਨਵੀਆਂ ਗੱਡੀਆਂ ਦਾ ਇਲੈਕਟ੍ਰਿਕ ਹੋਣਾ ਲਾਜ਼ਮੀ ਸੀ।

# ਫ਼ੈਡਰਲ ਸਰਕਾਰ ਵੱਲੋਂ ਧਾਰਮਿਕ ਵਿਤਕਰੇ ਨਾਲ ਨਜਿੱਠਣ ਦੀ ਨੀਤੀ ਵਿੱਚ ਬਦਲਾਅ'

**ਨੌਰਥ ਯੌਰਕ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੀ ਫ਼ੈਡਰਲ ਸਰਕਾਰ ਨੇ ਧਾਰਮਿਕ ਵਿਤਕਰੇ ਨਾਲ ਨਜਿੱਠਣ ਲਈ ਬਣਾਏ ਗਏ ਦੋ ਵਿਸ਼ੇਸ਼ ਦਫ਼ਤਰ ਭੰਗ ਕਰਕੇ ਉਨ੍ਹਾਂ ਦੀ ਥਾਂ ਨਵੀਂ ਸਾਂਝੀ ਸੰਸਥਾ ਰਾਈਟਸ, ਇਕੁਐਲਿਟੀ ਐਂਡ ਇਨਕਲੂਜ਼ਨ ਐਡਵਾਈਜ਼ਰੀ ਕੌਂਸਲ ਬਣਾਉਣ ਦਾ ਫ਼ੈਸਲਾ ਕੀਤਾ ਹੈ। ਆਈਡੈਂਟਿਟੀ ਮਿਨਿਸਟਰ ਮਾਰਕ ਮਿਲਰ



ਨੇ ਕਿਹਾ ਕਿ ਇਹ ਕਦਮ ਪੈਸਾ ਬਚਾਉਣ ਲਈ ਨਹੀਂ, ਸਗੋਂ ਧਾਰਮਿਕ ਨਫ਼ਰਤ ਅਤੇ ਭੇਦਭਾਵ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਚੁੱਕਿਆ ਗਿਆ ਹੈ।

# ਟੋਰਾਂਟੋ ਪੁਲਿਸ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ 'ਚ 7 ਅਧਿਕਾਰੀ ਅਤੇ ਇੱਕ ਰਿਟਾਇਰਡ ਕਰਮਚਾਰੀ 'ਤੇ ਲੱਗੇ ਦੋਸ਼




**ਓਟਵਾ : ਆਪਣਾ ਪੰਜਾਬ ਮੀਡੀਆ :** ਟੋਰਾਂਟੋ ਪੁਲਿਸ ਦੇ ਇਤਿਹਾਸ ਦੇ ਸਭ ਤੋਂ ਵੱਡੇ ਭ੍ਰਿਸ਼ਟਾਚਾਰ ਮਾਮਲਿਆਂ ਵਿੱਚੋਂ ਇੱਕ ਵਿੱਚ ਸੱਤ ਸਰਗਰਮ ਪੁਲਿਸ ਅਧਿਕਾਰੀਆਂ ਅਤੇ ਇੱਕ ਰਿਟਾਇਰਡ ਕਰਮਚਾਰੀ ਨੂੰ ਗ੍ਰਿਫ਼ਤਾਰ ਕਰਕੇ ਦੋਸ਼ੀ ਬਣਾਇਆ ਗਿਆ ਹੈ। ਇਹ ਵਿਆਪਕ ਜਾਂਚ ਯਾਰਕ ਰੀਜਨਲ ਪੁਲਿਸ ਵੱਲੋਂ ਕੀਤੀ ਗਈ, ਜਿਸ ਦੇ ਹੈਰਾਨੀਜਨਕ ਨਤੀਜੇ ਵੀਰਵਾਰ ਸਵੇਰੇ ਜਾਰੀ ਕੀਤੇ ਗਏ। ਸੱਤ ਮਹੀਨੇ ਚੱਲੀ ਇਸ ਜਾਂਚ ਦੌਰਾਨ ਹੋਰ 19 ਸ਼ੱਕੀ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

ਪੁਲਿਸ ਮੁਤਾਬਕ, ਜਾਂਚ ਵਿੱਚ ਕੁਝ ਪੁਲਿਸ ਅਧਿਕਾਰੀਆਂ ਅਤੇ ਸੰਗਠਿਤ ਅਪਰਾਧੀ ਗਰੁੱਪਾਂ ਦਰਮਿਆਨ ਗੰਭੀਰ ਸੰਬੰਧ ਸਾਹਮਣੇ ਆਏ ਹਨ। ਦੋਸ਼ ਹਨ ਕਿ ਇਹ ਅਧਿਕਾਰੀ ਜਬਰਨ ਵਸੂਲੀ, ਨਸ਼ਾ ਤਸਕਰੀ, ਨਿਆਂ ਵਿੱਚ ਰੁਕਾਵਟ ਪੈਦਾ ਕਰਨ, ਕਤਲ ਦੀ ਸਾਜ਼ਿਸ਼ ਸਮੇਤ ਕਈ ਗੰਭੀਰ ਅਪਰਾਧਾਂ ਵਿੱਚ ਸ਼ਾਮਿਲ ਸਨ।



Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਛੇ ਤੋਂ ਦਸ ਹਜ਼ਾਰ ਕਰੋੜ ਤੱਕ ਦੇ ਝੋਨੇ ਦੀ ਬੋਗਸ ਖ਼ਰੀਦ

## ਕੇਂਦਰ ਨੇ ਪੰਜਾਬ ਸਰਕਾਰ ਨੂੰ ਜਾਂਚ ਕਰਨ ਲਈ ਕਿਹਾ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ:** ਬੱਚਿਆਂ ਅਤੇ ਕਿਸ਼ੋਰਾਂ ਵਿੱਚ ਵਧ ਰਹੀ ਆਨਲਾਈਨ ਗੇਮਿੰਗ ਦੀ ਲਤ ਮਾਪਿਆਂ ਅਤੇ ਮਾਹਿਰਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ।

ਗਾਜ਼ੀਆਬਾਦ ਦੀਆਂ ਭੈਣਾਂ ਨਾਲ ਜੁੜੀ ਹਾਲੀਆ ਦੁਖਦਾਈ ਘਟਨਾ ਤੋਂ ਬਾਅਦ 'ਕੋਰੀਅਨ ਗੇਮਾਂ' ਸਰਕਾਰੀ ਅਤੇ ਜਨਤਕ ਜਾਂਚ ਦੇ ਘੇਰੇ ਵਿੱਚ ਆ ਗਈਆਂ ਹਨ। ਮਾਹਿਰਾਂ ਅਨੁਸਾਰ ਇਹ ਸ਼ਬਦ ਵੱਖ-ਵੱਖ ਕਿਸਮ ਦੀਆਂ ਆਨਲਾਈਨ ਗੇਮਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿੱਚ ਜੋਖਮ ਦੇ ਪੱਧਰ ਵੱਖਰੇ ਹਨ। ਸਭ ਤੋਂ ਚਿੰਤਾਜਨਕ ਵਿਜ਼ੂਅਲ ਨੋਵਲ ਜਾਂ 'ਕੋਰੀਅਨ ਲਵ ਗੇਮਾਂ' ਮੰਨੀ ਜਾਂਦੀਆਂ ਹਨ, ਜਿਹੜੀਆਂ K-pop ਸਭਿਆਚਾਰ ਤੋਂ ਪ੍ਰੇਰਿਤ ਕਾਲਪਨਿਕ ਪਾਤਰਾਂ ਨਾਲ AI ਚੈਟ ਰਾਹੀਂ ਭਾਵਨਾਤਮਕ ਜੁੜਾਅ ਬਣਾਉਂਦੀਆਂ ਹਨ। ਮਾਨਸਿਕ ਸਿਹਤ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਅਜਿਹੀਆਂ ਗੇਮਾਂ ਕਿਸ਼ੋਰਾਂ ਵਿੱਚ ਨੀਂਦ ਦੀ ਕਮੀ, ਪੜ੍ਹਾਈ ਵਿੱਚ ਗਿਰਾਵਟ, ਸਮਾਜਿਕ ਦੂਰੀ ਅਤੇ ਭਾਵਨਾਤਮਕ ਨਿਰਭਰਤਾ ਦਾ ਕਾਰਨ ਬਣ ਸਕਦੀਆਂ ਹਨ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੁਹਰਾਇਆ ਕਿ ਭਾਜਪਾ ਪੰਜਾਬ ਵਿੱਚ ਇਕੱਲੇ ਚੋਣ ਲੜੇਗੀ



**ਪਟਿਆਲਾ : ਆਪਣਾ ਪੰਜਾਬ ਮੀਡੀਆ:** ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਇਰਾਨ ਤੇ ਅਮਰੀਕਾ ਵਿਚਾਲੇ ਪਰਮਾਣੂ ਵਾਰਤਾ ਭਲਕੇ ਓਮਾਨ 'ਚ ਹੋਵੇਗੀ। ਇਰਾਨ 'ਚ ਦੇਸ਼ ਪੱਧਰੀ ਮੁਜ਼ਾਹਰਿਆਂ ਖ਼ਿਲਾਫ਼ ਹਿੰਸਕ ਕਾਰਵਾਈ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਜਾਰੀ ਹੈ। ਇਰਾਨ ਦੇ ਵਿਦੇਸ਼ ਮੰਤਰੀ ਦੇ ਇਸ ਐਲਾਨ ਤੋਂ ਪਹਿਲਾਂ ਅਜਿਹੇ ਸੰਕੇਤ ਮਿਲ ਰਹੇ ਸਨ ਕਿ ਵਾਰਤਾ ਦੇ ਵਿਸ਼ੇ 'ਚ ਤਬਦੀਲੀ ਕਾਰਨ ਇਸ 'ਚ ਅੜਿੱਕਾ ਪੈ ਰਿਹਾ ਹੈ।

ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਰਤਾ ਤੋਂ ਪਹਿਲਾਂ ਇਰਾਨ ਦੇ ਸਰਬਉੱਚ ਆਗੂ ਆਇਤੁੱਲਾ ਅਲੀ ਖਮੇਨੀ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਸ੍ਰੀ ਟਰੰਪ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਬਹੁਤ ਫਿਕਰਮੰਦ ਹੋਣਾ ਚਾਹੀਦਾ ਹੈ।

# ਸੂਬਾਈ ਸਹਾਇਤਾ ਦੀ ਸੁਸਤ ਘਾਟ ਕਾਰਨ ਪੰਜਾਬ ਵਿੱਚ ਰੇਲ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਅਸਮਰੱਥ: ਕੇਂਦਰ

**ਦੁਬਈ : ਆਪਣਾ ਪੰਜਾਬ ਮੀਡੀਆ :** ਕੇਂਦਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਸੂਬਾ ਸਰਕਾਰ ਦੇ ਸੁਸਤ ਸਮਰਥਨ ਕਾਰਨ, ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਰਣਨੀਤਕ ਤੌਰ 'ਤੇ ਸਥਿਤ ਮਹੱਤਵਾਕਾਂਖੀ ਫਿਰੋਜ਼ਪੁਰ-ਪੱਟੀ ਪ੍ਰੋਜੈਕਟ ਸਮੇਤ ਪੰਜਾਬ ਵਿੱਚ ਮੁੱਖ ਵੱਡੇ ਰੇਲਵੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਅਸਮਰੱਥ ਹੈ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਰਾਜ ਸਭਾ ਵਿੱਚ



ਇੱਕ ਲਿਖਤੀ ਜਵਾਬ ਵਿੱਚ ਕਿਹਾ ਕਿ ਤਿੰਨ ਹੋਰ ਵੱਡੇ ਰੇਲ ਪ੍ਰੋਜੈਕਟ - ਅਲਾਲ-ਹਿੰਮਤਾਨਾ ਕੋਰਡ ਲਾਈਨ, ਕਾਦੀਆਂ-ਬਿਆਸ ਨਵੀਂ ਲਾਈਨ ਅਤੇ ਰਾਮਾ ਮੰਡੀ (ਰਮਨ)-ਤਲਵੰਡੀ ਸਾਬੋ ਨਵੀਂ ਲਾਈਨ - ਵਿੱਚ ਵੀ ਦੇਰੀ ਹੋਈ ਹੈ। ਮੰਤਰੀ ਨੇ ਦੇਰੀ ਲਈ ਜ਼ਮੀਨ ਪ੍ਰਾਪਤੀ ਨਾਲ ਸਬੰਧਤ ਮੁੱਦਿਆਂ ਨੂੰ ਜ਼ਿੰਮੇਵਾਰ ਠਹਿਰਾਇਆ।

# ਕਾਂਗਰਸ ਨੇ Navjot Kaur Sidhu ਨੂੰ ਪਾਰਟੀ ਵਿੱਚੋਂ ਕੱਢਿਆ

**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਕੀਰਤੀ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਰਵੀ ਅਤੇ ਬਿਆਸ ਜਲ ਵਿਵਾਦ ਟ੍ਰਿਬਿਊਨਲ ਦੀ ਨੰਗਲ ਫੇਰੀ ਦਾ ਜ਼ੋਰਦਾਰ ਵਿਰੋਧ ਕਰਦਿਆਂ ਰੋਪੜ-ਆਨੰਦਪੁਰ ਸਾਹਿਬ ਮੁੱਖ ਮਾਰਗ 'ਤੇ ਬੁੰਗਾ ਸਾਹਿਬ ਨੇੜੇ ਚੱਕਾ ਜਾਮ ਕਰ ਦਿੱਤਾ। ਇਸ ਪ੍ਰਦਰਸ਼ਨ ਕਾਰਨ ਕਈ ਘੰਟਿਆਂ ਤੱਕ ਆਵਾਜਾਈ ਠੱਪ ਰਹੀ ਅਤੇ ਵਾਹਨਾਂ ਦੀਆਂ ਕਤਾਰਾਂ



ਰੋਪੜ ਤੱਕ (ਲਗਭਗ 30 ਕਿਲੋਮੀਟਰ) ਪਹੁੰਚ ਗਈਆਂ। ਦਿਲਚਸਪ ਗੱਲ ਇਹ ਰਹੀ ਕਿ ਟ੍ਰਿਬਿਊਨਲ ਦੇ ਮੈਂਬਰ ਵੀ ਇਸੇ ਜਾਮ ਵਿੱਚ ਫਸ ਗਏ। ਪੁਲੀਸ ਨੇ ਸਥਿਤੀ ਨੂੰ ਸੰਭਾਲਣ ਲਈ ਰੂਟ ਡਾਇਵਰਟ ਕੀਤੇ ਪਰ ਦਫ਼ਤਰ ਜਾਣ ਵਾਲੇ ਲੋਕਾਂ ਅਤੇ ਸਕੂਲੀ ਬੱਸਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਕਿਸਾਨ ਆਗੂਆਂ ਦਾ ਇਲਜ਼ਾਮ ਹੈ ਕਿ ਟ੍ਰਿਬਿਊਨਲ ਦੀਆਂ ਕਾਰਵਾਈਆਂ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹੋ ਸਕਦੀਆਂ ਹਨ ਅਤੇ ਅੰਤਰ-ਰਾਜ ਪਾਣੀ ਦੀ ਵੰਡ ਦੇ ਮਾਮਲੇ ਵਿੱਚ ਉਨ੍ਹਾਂ ਨਾਲ ਸਹੀ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ।


Copyright: Apna Punjab Media 2025-26


ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Founder & Chief Editor: Gurmit Singh
1516 989 8001 | 1631 835 8000
Follow Us On /apnapunjabmedia
www.apnapunjabmedia.com newsroom@apnapunjabmedia.com
8 VOL XVIII, ISSUE 1854 | SATURDAY FEBRUARY 07, 2026
AUS-NZ

# ਨਿਊਜ਼ੀਲੈਂਡ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਉਣ ਦੀ ਤਿਆਰੀ ਚ ਲੱਗੀ



**ਵੈਲਿੰਗਟਨ : ਆਪਣਾ ਪੰਜਾਬ ਮੀਡੀਆ :** ਨਿਊਜ਼ੀਲੈਂਡ ਸਰਕਾਰ ਇੱਕ ਵੱਡੀ ਕੂਟਨੀਤਿਕ ਯਾਤਰਾ ਦੀ ਤਿਆਰੀ ਕਰ ਰਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ Narendra Modi ਦੇ ਸੰਭਾਵਿਤ ਦੌਰੇ ਨੂੰ ਬਹੁਤ ਮਹਤੱਵਪੂਰਨ ਮੰਨਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ Christopher Luxon ਦੀ ਸਰਕਾਰ ਭਾਰਤ ਨਾਲ ਫ੍ਰੀ ਟ੍ਰੇਡ ਏਗਰੀਮੈਂਟ (FTA) ਨੂੰ ਅੱਗੇ ਵਧਾਉਣਾ ਚਾਹੁੰਦੀ ਹੈ। ਇਸ ਲਈ ਨੈਸ਼ਨਲ ਪਾਰਟੀ ਲੇਬਰ ਦੀ ਸਹਿਮਤੀ ਵੀ ਲੈਣਾ ਚਾਹੁੰਦੀ ਹੈ, ਤਾਂ ਜੋ ਭਾਰਤ ਨੂੰ ਇਹ ਸੰਦੇਸ਼ ਦਿੱਤਾ ਜਾ ਸਕੇ ਕਿ ਨਿਊਜ਼ੀਲੈਂਡ ਇਸ ਮਾਮਲੇ 'ਤੇ ਇਕਜੁੱਟ ਹੈ। ਦੂਜੇ ਪਾਸੇ ਭਾਰਤੀ ਪ੍ਰਧਾਨ ਮੰਤਰੀ ਦਾ ਦੌਰਾ ਨਿਊਜ਼ੀਲੈਂਡ ਲਈ ਆਰਥਿਕ ਅਤੇ ਵਿਦੇਸ਼ ਨੀਤੀ ਦੇ ਮੋਰਚੇ 'ਤੇ ਵੱਡਾ ਮੌਕਾ ਹੈ ਤੇ ਨੈਸ਼ਨਲ ਪਾਰਟੀ ਇਸ ਨੂੰ ਪੂਰੀ ਤਰ੍ਹਾਂ ਹਥਿਆਉਣਾ ਚਾਹੁੰਦੀ ਹੈ।

# MP ਪੇਨੀ ਹੈਨਾਰੇ ਦਾ ਰਾਜਨੀਤੀ ਤੋਂ ਹਟਣਾ, ਨਿਊਜ਼ੀਲੈਂਡ ਦੀ ਰਾਜਨੀਤੀ ਵਿੱਚ ਵੱਡੀ ਸਿਆਸੀ ਹਲਚਲ ਦਾ ਇਸ਼ਾਰਾ



**ਵੈਲਿੰਗਟਨ : ਆਪਣਾ ਪੰਜਾਬ ਮੀਡੀਆ :** ਲੇਬਰ ਪਾਰਟੀ ਦੇ ਸੀਨੀਅਰ ਐੱਮਪੀ Peeni Henare ਨੇ ਇਸ ਹਫ਼ਤੇ ਰਾਜਨੀਤੀ ਤੋਂ ਹਟਣ ਦਾ ਐਲਾਨ ਕਰ ਦਿੱਤਾ। ਸਰਕਾਰੀ ਬਿਆਨਾਂ ਵਿੱਚ ਇਸਨੂੰ ਨਿੱਜੀ ਫੈਸਲਾ ਦੱਸਿਆ ਗਿਆ ਹੈ, ਪਰ ਸਿਆਸੀ ਹਲਕਿਆਂ ਵਿੱਚ ਇਹ ਗੱਲ ਖੁੱਲ੍ਹ ਕੇ ਚਰਚਾ ਵਿੱਚ ਹੈ ਕਿ ਮਾਮਲਾ ਇਸ ਤੋਂ ਕਾਫ਼ੀ ਗਹਿਰਾ ਹੈ। ਪੇਨੀ ਹੈਨਾਰੇ ਪਿਛਲੇ ਸਾਲ ਟਾਮਾਕੀ ਮਕਾਉਰਾਉ ਬਾਈ–ਇਲੈਕਸ਼ਨ ਤੋਂ ਬਾਅਦ ਪਾਰਟੀ ਅੰਦਰ ਨਾਰਾਜ਼ ਦੱਸੇ ਜਾ ਰਹੇ ਸਨ। ਉਹ ਇਸ ਸੀਟ ਤੋਂ ਦੁਬਾਰਾ ਚੋਣ ਲੜਨਾ ਚਾਹੁੰਦੇ ਸਨ, ਪਰ ਪਾਰਟੀ ਨੇ ਇਸ ਲਈ ਪੂਰਾ ਸਮਰਥਨ ਨਹੀਂ ਦਿੱਤਾ। ਇਸ ਤੋਂ ਇਲਾਵਾ, ਲੇਬਰ ਦੀ ਮਾਓਰੀ ਕਾਕਸ ਅੰਦਰ ਉਨ੍ਹਾਂ ਦੀ ਭੂਮਿਕਾ ਕਮਜ਼ੋਰ ਹੋਣ ਦੀਆਂ ਗੱਲਾਂ ਵੀ ਸਾਹਮਣੇ ਆਈਆਂ। ਕੁਝ ਰਿਪੋਰਟਾਂ ਮੁਤਾਬਕ, ਹੈਨਾਰੇ ਅਤੇ ਮਾਓਰੀ ਕਾਕਸ ਦੇ ਕੋ–ਚੇਅਰ Willie Jackson ਦਰਮਿਆਨ ਵੀ ਤਣਾਅ ਰਿਹਾ ਹੈ। ਐਨਜ਼ੈਡ ਫ਼ਸਟ ਦੇ ਡਿਪਟੀ ਲੀਡਰ Shane Jones ਨੇ ਖੁੱਲ੍ਹੇਆਮ ਇਸ਼ਾਰਾ ਕੀਤਾ ਕਿ ਹੈਨਾਰੇ ਦੇ ਅਸਤੀਫ਼ੇ ਪਿੱਛੇ ਲੇਬਰ ਜਿਹੜਾ ਦੱਸ ਰਹੀ ਹੈ, ਉਸ ਤੋਂ ਵੱਧ ਕਾਰਨ ਹਨ।


# ਮੈਲਬੌਰਨ: ਰਾਈਡਸ਼ੇਅਰ ਡਰਾਈਵਰ 'ਤੇ ਯਾਤਰੀ ਨਾਲ ਜਬਰ-ਜਨਾਹ ਦੇ ਲੱਗੇ ਦੋਸ਼, ਹੋਈ ਗ੍ਰਿਫਤਾਰੀ




## 44 ਸਾਲਾ Thornbury ਵਾਸੀ ਵਿਅਕਤੀ ਨੂੰ ਕੀਤਾ ਗਿਆ ਗ੍ਰਿਫ਼ਤਾਰ

**ਮੈਲਬੌਰਨ : ਆਪਣਾ ਪੰਜਾਬ ਮੀਡੀਆ :** ਆਸਟ੍ਰੇਲੀਆ ਦੇ Melbourne ਵਿੱਚ ਇੱਕ ਰਾਈਡਸ਼ੇਅਰ ਡਰਾਈਵਰ 'ਤੇ ਮਹਿਲਾ ਯਾਤਰੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਲਗੇ ਹਨ। ਪੁਲਿਸ ਮੁਤਾਬਕ, 25 ਜਨਵਰੀ ਸਵੇਰੇ ਕਰੀਬ 5 ਵਜੇ ਮਹਿਲਾ ਨੇ Peel Street ਤੋਂ ਰਾਈਡਸ਼ੇਅਰ ਗੱਡੀ ਲਈ ਸੀ। ਦਾਅਵਾ ਹੈ ਕਿ ਯਾਤਰਾ ਦੌਰਾਨ ਡਰਾਈਵਰ ਨੇ ਉਸ ਨਾਲ ਜਿਨਸੀ ਦੁਰਵਿਹਾਰ ਕੀਤਾ ਅਤੇ ਬਾਅਦ ਵਿੱਚ South Yarra ਵਿੱਚ ਉਤਾਰ ਦਿੱਤਾ। ਮਹਿਲਾ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ, ਜਿਸ ਤੋਂ ਬਾਅਦ ਜਾਂਚ ਸ਼ੁਰੂ ਹੋਈ। Victoria Police ਨੇ ਅੱਜ 44 ਸਾਲਾ Thornbury ਵਾਸੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ। ਉਸ 'ਤੇ ਇੱਕ ਜਬਰ-ਜਨਾਹ ਅਤੇ ਦੋ ਜਿਨਸੀ ਦੁਰਵਿਹਾਰ ਦੇ ਮਾਮਲੇ ਦਰਜ ਕੀਤੇ ਗਏ ਹਨ।







Copyright: Apna Punjab Media 2025-26

BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹਟਕੇ ਹਟਕੇ




# ਅਮਰੀਕਾ, ਭਾਰਤ ਨੇ ਅੰਤਰਿਮ ਵਪਾਰ ਸਮਝੌਤੇ ਲਈ Framework ਕੀਤਾ ਜਾਰੀ

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਵ੍ਹਾਈਟ ਹਾਊਸ ਅਤੇ ਵਣਜ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਅਤੇ ਭਾਰਤ ਨੇ ਪਰਸਪਰ ਅਤੇ ਆਪਸੀ ਲਾਭਦਾਇਕ ਵਪਾਰ 'ਤੇ ਇੱਕ ਅੰਤਰਿਮ ਸਮਝੌਤੇ ਲਈ ਇੱਕ ਢਾਂਚੇ ਦਾ ਐਲਾਨ ਕੀਤਾ ਹੈ, ਜੋ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਫਰਵਰੀ 2025 ਵਿੱਚ ਸ਼ੁਰੂ ਕੀਤੇ ਗਏ ਵਿਆਪਕ ਅਮਰੀਕਾ-ਭਾਰਤ ਦੁਵੱਲੇ ਵਪਾਰ ਸਮਝੌਤੇ (ਬੀਟੀਏ) ਗੱਲਬਾਤ ਨੂੰ ਅੱਗੇ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਵਿਚਕਾਰ ਅੰਤਰਿਮ ਸਮਝੌਤਾ ਸਾਡੇ ਦੇਸ਼ਾਂ ਦੀ ਭਾਈਵਾਲੀ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਨੂੰ ਦਰਸਾਉਂਦਾ ਹੈ, ਜੋ ਆਪਸੀ ਹਿੱਤਾਂ ਅਤੇ ਠੋਸ ਨਤੀਜਿਆਂ ਦੇ ਅਧਾਰ ਤੇ ਪਰਸਪਰ ਅਤੇ ਸੰਤੁਲਿਤ ਵਪਾਰ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਈਰਾਨ ਅਤੇ ਅਮਰੀਕਾ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਲਈ ਤਿਆਰ, ਅਮਰੀਕੀ ਅਧਿਕਾਰੀ ਪਹੁੰਚੇ ਓਮਾਨ



**ਮਸਕਟ : ਆਪਣਾ ਪੰਜਾਬ ਮੀਡੀਆ :** ਗਲੋਬਲ ਸ਼ੁੱਕਰਵਾਰ ਨੂੰ ਈਰਾਨ ਅਤੇ ਅਮਰੀਕਾ ਵਿਚਕਾਰ ਗੱਲਬਾਤ ਵਾਲੀ ਥਾਂ ਓਮਾਨ 'ਤੇ ਅਮਰੀਕੀ ਅਧਿਕਾਰੀ ਪਹੁੰਚੇ , ਜਿੱਥੇ ਦੋਵੇਂ ਦੇਸ਼ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨ ਵਾਲੇ ਹਨ। ਸ਼ੁੱਕਰਵਾਰ ਨੂੰ ਹੋਈ ਗੱਲਬਾਤ ਇੱਕ ਹਫੜਾ-ਦਫੜੀ ਵਾਲੇ ਹਫ਼ਤੇ ਤੋਂ ਬਾਅਦ ਹੋਈ ਹੈ ਜਿਸ ਵਿੱਚ ਸ਼ੁਰੂ ਵਿੱਚ ਖੇਤਰੀ ਦੇਸ਼ਾਂ ਨੂੰ ਤੁਰਕੀ ਵਿੱਚ ਗੱਲਬਾਤ ਵਿੱਚ ਹਿੱਸਾ ਲੈਣ ਦੀ ਯੋਜਨਾ ਬਣਾਈ ਗਈ ਸੀ। ਜੂਨ ਵਿੱਚ ਇਜ਼ਰਾਈਲ ਵੱਲੋਂ ਈਰਾਨ ਵਿਰੁੱਧ 12 ਦਿਨਾਂ ਦੀ ਜੰਗ ਸ਼ੁਰੂ ਕਰਨ ਤੋਂ ਬਾਅਦ ਕਈ ਮਹੀਨਿਆਂ ਬਾਅਦ ਦੋਵੇਂ ਦੇਸ਼ ਅਰਬ ਪ੍ਰਾਇਦੀਪ ਦੇ ਪੂਰਬੀ ਕਿਨਾਰੇ 'ਤੇ ਸਥਿਤ ਸੁਲਤਾਨ ਓਮਾਨ ਵਾਪਸ ਆ ਗਏ ਹਨ।

ਅਮਰੀਕੀ ਕਾਫ਼ਲਾ ਮਸਕਟ ਦੇ ਬਾਹਰਵਾਰ ਇੱਕ ਮਹਿਲ ਵਿੱਚ ਚਲਾ ਗਿਆ, ਜੋ ਕਿ ਇਸਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਹੈ। ਇੱਕ ਵਾਹਨ 'ਤੇ ਅਮਰੀਕੀ ਝੰਡੇ ਲਹਿਰਾਏ ਗਏ।

# ਭਾਰਤ Talent ਅਤੇ Scale ਵਿੱਚ ਚੀਨ ਦਾ ਮੁਕਾਬਲਾ ਕਰ ਸਕਦਾ ਹੈ : ਹੇਲਬੇਰਗ US Under Secy



**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਗਲੋਬਲ ਸਪਲਾਈ ਚੇਨਾਂ ਵਿੱਚ ਭਾਰਤ ਦੇ ਵਧ ਰਹੇ ਰਣਨੀਤਕ ਮਹੱਤਵ ਨੂੰ ਉਜਾਗਰ ਕਰਦੇ ਹੋਏ, ਅਮਰੀਕਾ ਦੇ ਆਰਥਿਕ ਮਾਮਲਿਆਂ ਦੇ ਉਪ ਸਕੱਤਰ ਜੈਕਬ ਹੈਲਬਰਗ ਨੇ ਸ਼ੁੱਕਰਵਾਰ (ਸਥਾਨਕ ਸਮੇਂ) ਨੂੰ ਕਿਹਾ ਕਿ ਨਵੀਂ ਦਿੱਲੀ ਪੈਮਾਨੇ ਅਤੇ ਮਨੁੱਖੀ ਪੂੰਜੀ ਦੇ ਮਾਮਲੇ ਵਿੱਚ ਚੀਨ ਦਾ ਮੁਕਾਬਲਾ ਕਰਨ ਲਈ ਵਿਲੱਖਣ ਤੌਰ 'ਤੇ ਸਥਿਤੀ ਵਿੱਚ ਹੈ। ਉਨ੍ਹਾਂ ਇਹ ਵੀ ਪੁਸ਼ਟੀ ਕੀਤੀ ਕਿ ਭਾਰਤ ਨੂੰ ਪੈਕਸ ਸਿਲਿਕਾ ਪਹਿਲਕਦਮੀ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

ਹੈਲਬਰਗ ਨੇ ਕ੍ਰਿਟੀਕਲ ਮਿਨਰਲਜ਼ ਮੰਤਰੀ ਪੱਧਰੀ ਪ੍ਰੈਸ ਕਾਨਫਰੰਸ ਵਿੱਚ ਬੋਲਦੇ ਹੋਏ ਕਿਹਾ ਕਿ ਚੀਨ ਤੋਂ ਬਾਹਰ, ਭਾਰਤ ਸ਼ਾਇਦ ਧਰਤੀ 'ਤੇ ਇਕਲੌਤਾ ਅਜਿਹਾ ਦੇਸ਼ ਹੈ ਜੋ ਨੌਜਵਾਨ, ਤਕਨੀਕੀ ਤੌਰ 'ਤੇ ਸਿਖਲਾਈ ਪ੍ਰਾਪਤ ਪ੍ਰਤਿਭਾ ਦੀ ਵਿਸ਼ਾਲਤਾ ਅਤੇ ਡੂੰਘਾਈ ਦੇ ਮਾਮਲੇ ਵਿੱਚ ਚੀਨ ਦਾ ਮੁਕਾਬਲਾ ਕਰਨ ਦੇ ਯੋਗ ਹੈ।




# ਡਰਾਈਵਰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਮਾਮਲੇ ਵਿੱਚ UBER ਨੂੰ 8.5 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਦਾ ਦਿੱਤਾ ਗਿਆ ਹੁਕਮ

**ਸ਼ਿਕਾਗੋ : ਆਪਣਾ ਪੰਜਾਬ ਮੀਡੀਆ :** ਅਮਰੀਕੀ ਜਿਊਰੀ ਨੇ ਵੀਰਵਾਰ ਨੂੰ ਇੱਕ ਔਰਤ ਦੁਆਰਾ ਦਾਇਰ ਕੀਤੇ ਗਏ ਮੁਕੱਦਮੇ ਵਿੱਚ ਉਬੇਰ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਬਾਅਦ 8.5 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ, ਜਿਸਨੇ ਕਿਹਾ ਸੀ ਕਿ ਜਦੋਂ ਉਹ 19 ਸਾਲ ਦੀ ਸੀ ਤਾਂ ਇੱਕ ਡਰਾਈਵਰ ਦੁਆਰਾ ਉਸਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ, ਇੱਕ ਅਜਿਹਾ ਫੈਸਲਾ ਜੋ ਰਾਈਡ-ਹੇਲਿੰਗ ਕੰਪਨੀ ਦੇ ਖਿਲਾਫ ਹਜ਼ਾਰਾਂ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ।



Copyright: Apna Punjab Media 2025-26



Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com






ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ

ਵਲੋਂ

ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



# ਤਾਰੀਖ-ਏ-ਅਫ਼ਗਾਨਿਸਤਾਨ



ਸਿਕੰਦਰ ਆਜ਼ਮ

ਇਤਿਹਾਸ ਵਿਚ ਜ਼ਕਿਰ ਆਉਂਦਾ ਹੈ ਕਿ 50000 ਸਾਲ ਪਹਿਲਾਂ ਉੱਤਰੀ ਅਫ਼ਗਾਨਿਸਤਾਨ ਵਿਚ ਇਨਸਾਨਾਂ ਦਾ ਵਸਣਾ ਸ਼ੁਰੂ ਹੋਇਆ ਸੀ ਅਤੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ਼ਾਇਦ ਇਸੇ ਧਰਤੀ ਤੇ ਇਨਸਾਨ ਨੇ ਡੰਗਰਾਂ ਨੂੰ ਘਰੇਲੂ ਬਣਾਇਆ ਅਤੇ ਖੇਤੀਬਾੜੀ ਜਿਸ ਤਰ੍ਹਾਂ ਕਣਕ ਆਟਾ ਪੈਦਾ ਕੀਤਾ ਸੀ।

ਕੁਛ ਵਿਦਵਾਨਾਂ ਦਾ ਖਿਆਲ ਹੈ ਧਾਰਮਿਕ ਗ੍ਰੰਥ ਰਿਗਵੇਦ ਦੀ ਉੱਪਜ ਵੀ ਇਸ ਧਰਤੀ ਦੀ ਹੈ। ਪਹਿਲੀ ਵਾਰ ਇਤਿਹਾਸ ਵਿਚ (ਪੁਰਾਤਨ ਸ਼ਹਿਰ ਬਾਖਤਰੀਆ ਉੱਤਰੀ ਅਫ਼ਗਾਨਿਸਤਾਨ) ਦਾ ਨਾਮ ਉਸ ਵੇਲੇ ਸਾਹਮਣੇ ਆਇਆ ਜਦੋਂ ਪਾਰਸੀ ਮਹਾਰਾਜ ਸਾਇਰੂਸ ਨੇ 540 ਬੀ ਸੀ ਵਿਚ ਫ਼ਤਿਹ ਕਰਨ ਤੋਂ ਬਾਅਦ ਆਪਣੇ ਰਾਜ ਵਿਚ ਮਿਲਾ ਲਿਆ ਸੀ।

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
APNA PUNJAB MEDIA
Journalism With Guts to Tell It Like It Is!

ਮਹਾਨ ਦਾਹਰਯੂਸ ਨੇ ਵੀ ਪਰਸ਼ੀਅਨ ਅਤੇ ਅਫ਼ਗਾਨਿਸਤਾਨ ਦੇ ਆਸ ਪਾਸ ਦੇ ਸਾਰੇ ਇਲਾਕੇ ਆਪਣੇ ਰਾਜ ਵਿਚ ਮਿਲਾਕੇ ਪੁਰਾਤਨ ਸਮੇਂ ਦਾ ਸਭ ਤੋਂ ਵੱਡਾ ਰਾਜ ਬਣਾ ਲਿਆ ਸੀ।

ਸੰਨ 336 ਬੀ ਸੀ ਵਿਚ ਮਹਾਨ ਸਿਕੰਦਰ ਨੇ 16 ਸਾਲ ਦੀ ਉਮਰ ਵਿਚ ਮਕਦੂਨੀਆ ਤੋਂ ਆਪਣੀ ਫ਼ੌਜ ਨਾਲ ਬਹੁਤ ਸਾਰੇ ਇਲਾਕੇ ਜਿੱਤਕੇ ਸੰਨ 330 ਬੀ ਸੀ ਵਿਚ ਪਰਸ਼ੀਅਨ (ਈਰਾਨ) ਨੂੰ ਫ਼ਤਿਹ ਕੀਤਾ ਅਤੇ ਇੱਕ ਸਾਲ ਦੇ ਵਿਚ ਹਿੰਦੂਕੁਸ਼ ਵੱਲ ਵਧਿਆ। ਹੇਰਾਤ, ਸੀਸਤਾਨ, ਕੰਧਾਰ, ਅਰਗਨਦਾਬ, ਗਜ਼ਨੀ ਤੋਂ ਹੁੰਦਾ ਹੋਇਆ (ਦਰਾ-ਹੇ ਕਾਬੁਲ) ਵੈਲੀ ਵਿਚ ਪਹੁੰਚਿਆ।

328 ਬੀ ਸੀ ਵਿਚ ਸਿਕੰਦਰ ਨੇ ਆਪਣੀ ਫ਼ੌਜ ਨੂੰ ਹਿੰਦੂਕੁਸ਼ ਦੇ ਉੱਤਰ ਵੱਲ ਰਵਾਨਾ ਕੀਤਾ ਜੋ ਆਮ ਦਰਿਆ ਦੇ ਦੋਨੋਂ ਪਾਸੇ ਨੂੰ ਫ਼ਤਿਹ ਕਰਨ ਵਿਚ ਸਿਕੰਦਰ ਦਾ ਇੱਕ ਸਾਲ ਲਗ ਗਿਆ।

ਇਥੇ ਬਾਖਤਰੀਆ ਵਿਚ ਸਿਕੰਦਰ ਆਜ਼ਮ ਦਾ ਪਿਆਰ ਇੱਕ ਬਾਖਤਰੀ ਲੜਕੀ ਰੁਖਸਾਨਾ ਨਾਲ ਹੋਇਆ ਜਿਸ ਨਾਲ ਉਹਦਾ ਵਿਆਹ ਸ਼ਾਨ ਸ਼ੌਕਤ ਨਾਲ ਕੀਤਾ ਗਿਆ।

Cont...


Copyright: Apna Punjab Media 2025-26

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com
11 VOL XVIII, ISSUE 1854 | SATURDAY FEBRUARY 07, 2026
NEW YORK

APNA PUNJAB MEDIA GROUP NEW YORK

PLEASED TO ANNOUNCE

*Now*

# DIGITALLY RENEWED

## IN TRILINGUAL

PUNJABI | ENGLISH | Hindi

**A NEW LOOK. NEW FEATURES. SAME TRUSTED VOICE.**

This relaunch is more than a new website — it's a bridge between generations.

With improved design, mobile-friendly access, and powerful new features, Apna Punjab Media stands with Punjabis worldwide.

We carry Punjab to you—its voice, its values, its soul.

**GURMIT SINGH**
Gold Medalist
CEO & PRESIDENT
1 631 835 8000
NEW YORK

**GURSERWAK SINGH**
MANAGING DIRECTOR
+91 70090 75920
CHANDIGARH

www.apnapunjabmedia.com

+1 516 989 8001 +1 516 989 8004


Copyright: Apna Punjab Media 2025-26

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



# ਮਨੀਪੁਰ 'ਚ ਲਗਭਗ ਇੱਕ ਸਾਲ ਬਾਅਦ ਰਾਜ ਵਿੱਚੋਂ ਰਾਸ਼ਟਰਪਤੀ ਸ਼ਾਸਨ ਕੀਤਾ ਗਿਆ ਖਤਮ

## ਸੀਨੀਅਰ ਭਾਜਪਾ ਨੇਤਾ ਯੁਮਨਮ ਖੇਮਚੰਦ ਸਿੰਘ ਦੀ ਅਗਵਾਈ ਵਿੱਚ ਨਵੀਂ ਐਨਡੀਏ ਸਰਕਾਰ ਦੇ ਗਠਨ ਦਾ ਰਾਹ ਹੋਇਆ ਸਾਫ਼



**ਮਨੀਪੁਰ : ਆਪਣਾ ਪੰਜਾਬ ਮੀਡੀਆ :** ਕੇਂਦਰ ਸਰਕਾਰ ਨੇ ਲਗਭਗ ਇੱਕ ਸਾਲ ਬਾਅਦ ਰਾਜ ਵਿੱਚੋਂ ਰਾਸ਼ਟਰਪਤੀ ਸ਼ਾਸਨ ਹਟਾ ਦਿੱਤਾ ਹੈ। ਇਸ ਨਾਲ ਸੀਨੀਅਰ ਭਾਜਪਾ ਨੇਤਾ ਯੁਮਨਮ ਖੇਮਚੰਦ ਸਿੰਘ ਦੀ ਅਗਵਾਈ ਵਿੱਚ ਨਵੀਂ ਐਨਡੀਏ ਸਰਕਾਰ ਦੇ ਗਠਨ ਦਾ ਰਾਹ ਸਾਫ਼ ਹੋ ਗਿਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਬੁੱਧਵਾਰ ਨੂੰ ਸੰਵਿਧਾਨ ਦੀ ਧਾਰਾ 356 ਨੂੰ ਰੱਦ ਕਰਨ ਦਾ ਅਧਿਕਾਰਤ ਐਲਾਨ ਕੀਤਾ। ਅੱਜ ਸ਼ਾਮ 6 ਵਜੇ ਇੰਫਾਲ ਦੇ ਲੋਕ ਭਵਨ ਵਿੱਚ ਇੱਕ ਸ਼ਾਨਦਾਰ ਸਹੁੰ ਚੁੱਕ ਸਮਾਗਮ ਹੋਵੇਗਾ। ਮਨੀਪੁਰ ਵਿੱਚ ਮੇਈਤੇਈ ਅਤੇ ਕੂਕੀ ਭਾਈਚਾਰਿਆਂ ਵਿਚਕਾਰ ਨਸਲੀ ਹਿੰਸਾ, ਜੋ ਕਿ ਮਈ 2023 ਵਿੱਚ ਸ਼ੁਰੂ ਹੋਈ ਸੀ, ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਲੰਬੀ ਅਸ਼ਾਂਤੀ ਦੇ ਵਿਚਕਾਰ, ਤਤਕਾਲੀ ਮੁੱਖ ਮੰਤਰੀ, ਐਨ. ਬੀਰੇਨ ਸਿੰਘ ਨੇ 9 ਫਰਵਰੀ, 2025 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਸਿਰਫ਼ ਚਾਰ ਦਿਨ ਬਾਅਦ, 13 ਫਰਵਰੀ ਨੂੰ, ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦਿੱਤਾ ਗਿਆ। ਉਦੋਂ ਤੋਂ ਹੁਣ ਤੱਕ ਮਨੀਪੁਰ ਦੀ ਕਮਾਨ ਸਿੱਧੇ ਕੇਂਦਰ ਦੇ ਹੱਥਾਂ ਵਿੱਚ ਸੀ। ਹੁਣ, ਇੱਕ ਸਾਲ ਬਾਅਦ, ਇੱਕ ਲੋਕਤੰਤਰੀ ਸਰਕਾਰ ਦੀ ਵਾਪਸੀ ਹੋ ਰਹੀ ਹੈ।

# ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਪੰਜਾਬ ਦੇ ਵਪਾਰੀਆਂ ਨਾਲ ਕੀਤੀ ਮੁਲਾਕਾਤ

## ਕਾਰੋਬਾਰ ਕਰਨ ਵਿੱਚ ਆਸਾਨੀ ਦਾ ਕੀਤਾ ਵਾਅਦਾ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਅੱਜ ਪੰਜਾਬ ਰਾਜ ਵਪਾਰੀ ਕਮਿਸ਼ਨ (ਪੀਐਸਟੀਸੀ) ਦੀ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਜੋ ਕਿ ਸੂਬੇ ਭਰ ਵਿੱਚ ਕਾਰੋਬਾਰ ਕਰਨ ਦੀ ਸੌਖ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੇ ਹਿੱਸੇ ਵਜੋਂ ਹੈ। ਪੀਐਸਟੀਸੀ ਦੇ ਚੇਅਰਮੈਨ ਵਜੋਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ, "ਸਾਡਾ ਉਦੇਸ਼ ਇੱਕ ਮਜ਼ਬੂਤ ਤਿੰਨ-ਪੱਧਰੀ ਪ੍ਰਣਾਲੀ ਸਥਾਪਤ ਕਰਨਾ ਹੈ ਜੋ ਵਪਾਰ ਭਾਈਚਾਰੇ ਨੂੰ ਸਿੱਧੇ ਤੌਰ 'ਤੇ ਪ੍ਰਸ਼ਾਸਨ ਨਾਲ ਜੋੜਦਾ ਹੈ, ਤਾਂ ਜੋ ਪੰਜਾਬ ਦੇ ਹਰ ਵਪਾਰੀ ਨੂੰ ਸਮੇਂ ਸਿਰ ਸਹਾਇਤਾ ਮਿਲ ਸਕੇ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਅਤੇ ਹੱਲ ਕੀਤੀਆਂ ਜਾ ਸਕਣ।

# ਰਾਧਾ ਸਵਾਮੀ ਡੇਰਾ ਮੁਖੀ ਗੁਰਿੰਦਰ ਵਿਰੁੱਧ ਪੰਜਾਬ ਦੇ ਮੁੱਖ ਮੰਤਰੀ ਦੀ ਟਿੱਪਣੀ 'ਤੇ ਪਾਰਟੀ ਦਾ ਸਟੈਂਡ ਸਪੱਸ਼ਟ ਕਰੋ: ਪ੍ਰਤਾਪ ਬਾਜਵਾ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਬਾਰੇ ਉਨ੍ਹਾਂ ਦੇ 'ਐਕਸ' ਅਕਾਊਂਟ 'ਤੇ ਕੀਤੀ ਗਈ ਟਿੱਪਣੀ 'ਤੇ ਪਾਰਟੀ ਦਾ ਅਧਿਕਾਰਤ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ।

ਪਟਿਆਲਾ ਜੇਲ੍ਹ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਤੋਂ ਬਾਅਦ, ਡੇਰਾ ਮੁਖੀ ਨੇ ਕਿਹਾ ਸੀ ਕਿ ਮਜੀਠੀਆ ਵਿਰੁੱਧ ਦੋਸ਼ "ਝੂਠੇ ਅਤੇ ਬੇਬੁਨਿਆਦ" ਹਨ। ਇਸ ਨਾਲ ਮੁੱਖ ਮੰਤਰੀ ਦੀ ਇੱਕ ਟਿੱਪਣੀ ਆਈ, ਜਿਸਨੇ ਅਧਿਆਤਮਿਕ ਆਗੂ 'ਤੇ ਇੱਕ ਗੁਪਤ ਹਮਲਾ ਕਰਦੇ ਹੋਏ, X 'ਤੇ ਲਿਖਿਆ ਕਿ ਰੱਬ ਉਨ੍ਹਾਂ ਅਦਾਲਤਾਂ ਨੂੰ ਬਚਾਵੇ ਜਿੱਥੇ ਕੈਦੀਆਂ ਨੂੰ ਮਿਲਣ ਆਉਣ ਵਾਲੇ ਜੱਜ ਬਣ ਜਾਂਦੇ ਹਨ।

# ਪੰਜਾਬ ਵਿੱਚ ਔਰਤਾਂ ਲਈ ਮੁਫ਼ਤ ਯਾਤਰਾ ਲਈ ਆਧਾਰ ਕਾਰਡ ਦੀ ਥਾਂ ਸਮਾਰਟ ਕਾਰਡ ਲੈਣਗੇ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਮੁੱਖ ਮੰਤਰੀ ਸਿਹਤ ਯੋਜਨਾ, ਇੱਕ ਨਕਦ ਰਹਿਤ ਸਿਹਤ ਬੀਮਾ, ਤਹਿਤ ਬਣਾਏ ਜਾ ਰਹੇ ਸਮਾਰਟ ਕਾਰਡ, ਪੰਜਾਬ ਵਿੱਚ ਔਰਤਾਂ ਨੂੰ ਰਾਜ ਟਰਾਂਸਪੋਰਟ ਅਦਾਰੇ ਦੀਆਂ ਬੱਸਾਂ ਵਿੱਚ ਮੁਫ਼ਤ ਯਾਤਰਾ ਕਰਨ ਦੇ ਯੋਗ ਬਣਾਉਣਗੇ। ਲਗਭਗ 3.5 ਲੱਖ ਔਰਤਾਂ ਹਰ ਰੋਜ਼ ਇਸ ਮੁਫ਼ਤ ਸਹੂਲਤ ਦਾ ਲਾਭ ਉਠਾਉਂਦੀਆਂ ਹਨ। ਲਾਭਪਾਤਰੀਆਂ ਦੁਆਰਾ ਰੋਜ਼ਾਨਾ ਔਸਤਨ 42 ਕਿਲੋਮੀਟਰ ਦੀ ਯਾਤਰਾ ਕੀਤੀ ਜਾ ਰਹੀ ਹੈ। ਜਲਦੀ ਹੀ, ਸਮਾਰਟ ਕਾਰਡ ਆਧਾਰ ਕਾਰਡਾਂ ਦੀ ਥਾਂ ਲੈ ਲੈਣਗੇ ਜੋ ਮੁਫ਼ਤ ਸਹੂਲਤ ਦਾ ਲਾਭ ਉਠਾਉਣ ਲਈ ਪਛਾਣ ਸਬੂਤ ਵਜੋਂ ਲੋੜੀਂਦੇ ਹਨ। ਇੱਕ ਉੱਚ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਰਾਜ ਦੇ ਟਰਾਂਸਪੋਰਟ ਵਿਭਾਗ ਵੱਲੋਂ ਸਮਾਰਟ ਕਾਰਡ ਪੜ੍ਹਨ ਲਈ ਹੱਥ ਨਾਲ ਚੱਲਣ ਵਾਲੇ ਯੰਤਰਾਂ ਨੂੰ ਖਰੀਦਣ ਲਈ ਟੈਂਡਰ ਜਾਰੀ ਕੀਤੇ ਜਾ ਰਹੇ ਹਨ। ਹਾਲਾਂਕਿ ਇਹ ਲੋਕਪ੍ਰਿਯ ਯੋਜਨਾ ਜਾਰੀ ਰਹੇਗੀ, ਪਰ ਇਸ ਨੂੰ ਸਹੀ ਲਾਭਪਾਤਰੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਯੋਜਨਾ 'ਤੇ ਖਰਚ ਨੂੰ ਤਰਕਸੰਗਤ ਬਣਾਉਣ ਲਈ ਬਦਲਿਆ ਜਾ ਸਕਦਾ ਹੈ।

# ਸਕੂਲਾਂ ਨੂੰ ਸਿਹਤ ਯੋਜਨਾ ਲਈ ਮੁਫ਼ਤ ਕੰਪਿਊਟਰ ਦੇਣ ਦੇ ਹੁਕਮ ਤੋਂ ਅਧਿਆਪਕ ਨਾਰਾਜ਼



**ਮੋਹਾਲੀ : ਆਪਣਾ ਪੰਜਾਬ ਮੀਡੀਆ :** ਪੰਜਾਬ ਸਰਕਾਰ ਵੱਲੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਭਰ ਵਿੱਚ ਤਿੰਨ ਕਰੋੜ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਜਾਰੀ ਕਰਨ ਦਾ ਇੱਕ ਮਹੱਤਵਪੂਰਨ ਟੀਚਾ ਮਿੱਥਿਆ ਗਿਆ ਹੈ, ਇਸ ਲਈ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਨੂੰ ਸਿਹਤ ਬੀਮਾ ਲਾਭਪਾਤਰੀਆਂ ਦੇ ਨਾਮਾਂਕਣ ਲਈ ਡੇਟਾ ਐਂਟਰੀ ਦੇ ਕੰਮ ਵਿੱਚ ਸਹਾਇਤਾ ਲਈ ਆਪਣੇ ਕੰਪਿਊਟਰਾਂ ਨੂੰ ਵੰਡਣ ਲਈ ਕਿਹਾ ਗਿਆ ਹੈ। ਸਰਕਾਰੀ ਨਿਰਦੇਸ਼ਾਂ ਅਨੁਸਾਰ, 112 ਸਰਕਾਰੀ ਸਕੂਲਾਂ ਨੂੰ ਜ਼ਿਲ੍ਹੇ ਦੇ ਸਬੰਧਤ ਪਿੰਡ ਪੰਚਾਇਤਾਂ ਨੂੰ ਕੰਪਿਊਟਰ ਸੌਂਪਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿੱਥੇ ਉਨ੍ਹਾਂ ਦੀ ਵਰਤੋਂ ਸਿਹਤ ਯੋਜਨਾ ਤਹਿਤ ਲਾਭਪਾਤਰੀਆਂ ਦਾ ਡੇਟਾ ਤਿਆਰ ਕਰਨ ਲਈ ਕੀਤੀ ਜਾਵੇਗੀ।



Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com





ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
APNA PUNJAB
Journalism With Guts to Tell It Like It Is!

Apna Punjab Media Group New York

MERI SOCH


# ਪੰਜਾਬ ਵਿੱਚ ਡੇਰਾਵਾਦ, ਧਰਮ ਪਰਿਵਰਤਨ ਅਤੇ ਸਿੱਖੀ ਦੇ ਘਟਦੇ ਪ੍ਰਚਾਰ ਲਈ SGPC ਜ਼ਿੰਮੇਵਾਰ

SGPC SRI AMRITSAR

ਪੰਜਾਬ ਵਿੱਚ ਡੇਰਾਵਾਦ, ਧਰਮ ਪਰਿਵਰਤਨ ਦੀ ਚੱਲ ਰਹੀ ਲਹਿਰ ਅਤੇ ਸਿੱਖੀ ਦੇ ਘਟਦੇ ਪ੍ਰਚਾਰ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ, ਜਿਸ ਲਈ SGPC, ਸਿੱਖ ਸੰਸਥਾਵਾਂ ਦਾ ਰਾਜਨੀਤਿਕਰਨ ਅਤੇ ਭੂਮਿਕਾ ’ਤੇ ਵੀ ਸਵਾਲ ਉੱਠ ਰਹੇ ਹਨ। ਇੱਕ ਮਹੱਤਵਪੂਰਨ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਅਸੀਂ ਪੰਜਾਬ ਵਿੱਚ ਰਹਿੰਦੇ ਦਲਿਤ ਭਾਈਚਾਰੇ ਨੂੰ ਪੂਰੇ ਸਤਿਕਾਰ ਨਾਲ ਆਪਣੇ ਨਾਲ ਜੋੜਨ ਵਿੱਚ ਅਸਫਲ ਰਹੇ ਹਾਂ ਤੇ ਉਹਨਾਂ ਦਾ ਬਣਦਾ ਸਤਿਕਾਰ ਨਹੀਂ ਦੇ ਸਕੇ ।



ਸਮਾਜਿਕ ਪੱਧਰ ’ਤੇ ਅਜੇ ਵੀ ਕਈ ਪਿੰਡਾਂ ਵਿੱਚ ਦਲਿਤ ਭਾਈਚਾਰੇ ਲਈ ਅਲੱਗ ਗੁਰਦਵਾਰੇ ਅਤੇ ਸ਼ਮਸ਼ਾਨ ਘਾਟ ਹੋਣਾ ਇਸ ਗੱਲ ਦੀ ਵੱਡੀ ਮਿਸਾਲ ਹੈ ਕਿ ਅਸੀ ਸਮਾਨਤਾ ਅਤੇ ਗੁਰੂਆਂ ਦੇ ਦਿਤੇ ਸਿੱਖ ਸਿਧਾਂਤਾਂ ਨੂੰ ਅਮਲੀ ਰੂਪ ਨਹੀਂ ਦੇ ਸਕੇ । ਜੇਕਰ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਆਪਣੇ ਨਾਲ ਸੱਚੇ ਅਰਥਾਂ ਵਿੱਚ ਜੋੜਿਆ ਨਹੀਂ ਜਾਵੇਗਾ, ਤਾਂ ਉਹ ਹੋਰ ਧਾਰਮਿਕ ਜਾਂ ਸਮਾਜਿਕ ਮੰਚਾਂ ਵੱਲ ਰੁਝਾਨ ਰੱਖਣਗੇ।

ਇਸ ਲਈ ਲੋੜ ਹੈ ਕਿ ਸਿੱਖ ਸੰਸਥਾਵਾਂ ਅਤੇ ਸਮਾਜ ਮਿਲ ਕੇ ਸਮਾਨਤਾ, ਸਤਿਕਾਰ ਅਤੇ ਇਕਤਾ ਨੂੰ ਮਜ਼ਬੂਤ ਕਰਨ ਲਈ ਹਕੀਕਤੀ ਕਦਮ ਚੁੱਕਣ, ਤਾਂ ਜੋ ਸਿੱਖੀ ਦੇ ਮੂਲ ਸਿਧਾਂਤ — ਸਭ ਮਨੁੱਖ ਇੱਕ ਸਮਾਨ ਹਨ — ਨੂੰ ਜਮੀਨੀ ਪੱਧਰ ’ਤੇ ਲਾਗੂ ਕੀਤਾ ਜਾ ਸਕੇ।

ਪੂਰੀਆਂ ਖਬਰਾਂ ਪੜ੍ਹਨ ਅਤੇ ਦੇਖਣ ਲਈ ਸਾਡੀ ਵੈਬਸਾਈਟ ’ਤੇ Click ਕਰੋ।
www.apnapunjabmedia.com


GURMIT SINGH
1 516 989 8001




Copyright: Apna Punjab Media 2025-26


Graphic & Design: Apna Punjab Media Team


Founder & Chief Editor : Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com


VOL XVIII, ISSUE 1854 | SATURDAY FEBRUARY 07, 2026



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ


# India-US trade deal: ਭਾਰਤ ਤੇ ਅਮਰੀਕਾ ਵਿਚਾਲੇ ਮਾਰਚ 'ਚ ਹੋਵੇਗਾ ਵੱਡਾ ਵਪਾਰਕ ਸਮਝੌਤਾ: ਪਿਊਸ਼ ਗੋਇਲ



## ਉਦਯੋਗ ਮੰਤਰੀ ਨੇ ਕਿਹਾ ਕਿ ਪਹਿਲੇ ਪੜਾਅ ਦੀ ਗੱਲਬਾਤ ਨੂੰ ਜਲਦੀ ਅੰਤਿਮ ਰੂਪ ਦਿੱਤਾ ਜਾਵੇਗਾ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਕੇਂਦਰੀ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਵੀਰਵਾਰ ਨੂੰ ਦੱਸਿਆ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਰਸਮੀ ਵਪਾਰਕ ਸਮਝੌਤਾ ਮਾਰਚ ਮਹੀਨੇ ਵਿੱਚ ਸਹੀਬੱਧ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਭਾਰਤ ਅਮਰੀਕੀ ਵਸਤੂਆਂ 'ਤੇ ਟੈਕਸ ਘਟਾਏਗਾ। ਉਨ੍ਹਾਂ ਕਿਹਾ ਕਿ ਅਗਲੇ ਚਾਰ-ਪੰਜ ਦਿਨਾਂ ਵਿੱਚ ਇੱਕ ਸਾਂਝਾ ਬਿਆਨ ਜਾਰੀ ਕੀਤਾ ਜਾਵੇਗਾ, ਜਿਸ ਦੇ ਨਤੀਜੇ ਵਜੋਂ ਵਾਸ਼ਿੰਗਟਨ ਭਾਰਤੀ ਬਰਾਮਦਾਂ 'ਤੇ ਡਿਊਟੀ 50 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰ ਦੇਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਐਲਾਨੇ ਗਏ ਇਸ ਅਚਾਨਕ ਸਮਝੌਤੇ ਤਹਿਤ ਭਾਰਤ ਰੂਸੀ ਤੇਲ ਦੀ ਖਰੀਦ ਨੂੰ ਰੋਕਣ ਅਤੇ ਵਪਾਰਕ ਰੁਕਾਵਟਾਂ ਨੂੰ ਘੱਟ ਕਰਨ ਬਦਲੇ ਅਮਰੀਕੀ ਟੈਰਿਫਾਂ ਵਿੱਚ ਛੋਟ ਪ੍ਰਾਪਤ ਕਰੇਗਾ। ਗੋਇਲ ਅਨੁਸਾਰ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ ਘੱਟੋ-ਘੱਟ 500 ਬਿਲੀਅਨ ਡਾਲਰ ਦੀ ਊਰਜਾ, ਹਵਾਈ ਜਹਾਜ਼ ਅਤੇ ਚਿੱਪਸ ਸਮੇਤ ਹੋਰ ਸਮਾਨ ਦੀ ਦਰਾਮਦ ਕਰੇਗਾ, ਜਿਸ ਵਿੱਚ ਇਕੱਲੇ ਬੋਇੰਗ ਕੰਪਨੀ ਦੇ ਆਰਡਰ ਹੀ 100 ਬਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਸਕਦੇ ਹਨ।

# ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਲੋਕ ਸਭਾ ਵਿੱਚ ਪਾਇਆ ਵਿਘਨ ਇੱਕ ਸੋਚੀ-ਸਮਝੀ ਸਾਜ਼ਿਸ਼: ਸੁਨੀਲ ਜਾਖੜ




**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼ੁੱਕਰਵਾਰ ਨੂੰ ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਰਾਸ਼ਟਰਪਤੀ ਦੇ ਭਾਸ਼ਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਧਾਰਤ ਲੋਕ ਸਭਾ ਜਵਾਬ ਵਿੱਚ ਪਾਏ ਵਿਘਨ ਦੇ ਵਿਵਾਦ ਨੂੰ ਇੱਕ ਨਵਾਂ ਮੋੜ ਦਿੱਤਾ ਹੈ। 2022 ਵਿੱਚ ਪੰਜਾਬ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੇ ਫ਼ਿਰੋਜ਼ਪੁਰ ਦੌਰੇ ਦੇ ਰੱਦ ਹੋਣ ਦਾ ਜ਼ਿਕਰ ਕਰਦੇ ਹੋਏ ਜਾਖੜ ਨੇ ਕਿਹਾ ਕਿ ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਲੋਕ ਸਭਾ ਵਿੱਚ ਪਾਇਆ ਗਿਆ ਵਿਘਨ ਆਮ ਨਹੀਂ ਸੀ ਅਤੇ ਇਸ ਪਿੱਛੇ ਇੱਕ ਸੋਚੀ-ਸਮਝੀ ਸਾਜ਼ਿਸ਼ ਸੀ। ਜਾਖੜ ਨੇ ਇੱਕ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਲੋਕ ਸਭਾ ਵਿੱਚ ਕੁੱਝ ਕਾਂਗਰਸੀ ਸੰਸਦ ਮੈਂਬਰਾਂ ਦੇ ਵਿਵਹਾਰ ਬਾਰੇ ਚਿੰਤਾਵਾਂ ਨੂੰ ਰੁਟੀਨ ਦੇ ਵਿਘਨ ਵਜੋਂ ਖਾਰਜ ਨਹੀਂ ਕੀਤਾ ਜਾ ਸਕਦਾ, ਖ਼ਾਸ ਕਰਕੇ ਉਨ੍ਹਾਂ ਦੇ ਆਪਣੇ ਰਿਕਾਰਡ ਦੇ ਮੱਦੇਨਜ਼ਰ। ਉਨ੍ਹਾਂ ਵਿੱਚੋਂ ਕੁੱਝ ਉਹੀ ਵਿਅਕਤੀ ਹਨ ਜਿਨ੍ਹਾਂ ਨੇ 2022 ਵਿੱਚ ਪੰਜਾਬ ਵਿੱਚ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਹਾਲਾਤ ਪੈਦਾ ਕੀਤੇ ਸਨ ਅਤੇ ਅੱਜ ਉਹ ਲੋਕ ਸਭਾ ਦੇ ਮੈਂਬਰ ਹਨ।"

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਰੀਕਾ ਨਾਲ ਵਪਾਰ ਸਮਝੌਤੇ ਦਾ ਕੀਤਾ ਗਿਆ ਵਿਰੋਧ

## ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਤੇ ਨਿੱਜੀਕਰਨ ਦੀਆਂ ਨੀਤੀਆਂ ਖ਼ਿਲਾਫ਼ ਕਿਸਾਨ ਭਵਨ ਵਿੱਚ ਕੀਤੀ ਮੀਟਿੰਗ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਸੰਯੁਕਤ ਕਿਸਾਨ ਮੋਰਚੇ (ਐੱਸ ਕੇ ਐੱਮ) ਨੇ ਕਿਸਾਨ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਐਲਾਨ ਕੀਤਾ। ਮੀਟਿੰਗ ਵਿੱਚ ਕਿਸਾਨ, ਮਜ਼ਦੂਰ ਅਤੇ ਹੋਰ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਮੋਰਚੇ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਦਿਆਂ ਖੇਤੀ ਖੇਤਰ ਨੂੰ ਇਸ ਤੋਂ ਬਾਹਰ ਰੱਖਣ ਦੀ ਮੰਗ ਕੀਤੀ ਅਤੇ ਐਲਾਨ ਕੀਤਾ ਕਿ 11 ਫਰਵਰੀ ਤੱਕ ਪਿੰਡਾਂ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਦੇ ਨਾਲ, ਬਿਜਲੀ ਸੋਧ ਬਿੱਲ ਪੇਸ਼ ਹੋਣ 'ਤੇ ਅਗਲੇ ਦਿਨ ਕਾਲਾ ਦਿਵਸ ਮਨਾਉਣ ਅਤੇ ਸੂਬੇ ਦੇ ਟੋਲ ਪਲਾਜ਼ਿਆਂ ਨੂੰ ਕੁਝ ਸਮੇਂ ਲਈ ਮੁਫ਼ਤ ਕਰਨ ਦਾ ਫੈਸਲਾ ਵੀ ਕੀਤਾ ਗਿਆ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼

ਆਪਣਾ ਪੰਜਾਬ BILINGUAL ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1516 989 8001 | 1631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# ਵਿਦੇਸ਼ੀ ਦਖ਼ਲਅੰਦਾਜ਼ੀ ਵਿਰੁੱਧ ਨਵੇਂ ਨਿਯਮਾਂ ਦੀ ਉਲੰਘਣਾ ’ਤੇ ਭਾਰੀ ਜੁਰਮਾਨਿਆਂ ਦੀ ਤਿਆਰੀ : ਆਨੰਦ ਸੰਗਰੀ

**ਓਟਵਾ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦ ਸੰਗਰੀ ਨੇ ਕਿਹਾ ਹੈ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਨਾਲ ਸੰਬੰਧਿਤ ਨਵੇਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਘੱਟੋ-ਘੱਟ ਜੁਰਮਾਨਾ ਮੌਜੂਦਾ 50 ਡਾਲਰ ਤੋਂ ਵੱਧ ਕੀਤਾ ਜਾਵੇਗਾ, ਜਦਕਿ ਉੱਪਰੀ ਹੱਦ 1 ਮਿਲੀਅਨ ਡਾਲਰ ਤੱਕ ਹੋ ਸਕਦੀ ਹੈ। ਨਵੇਂ ਨਿਯਮਾਂ ਅਨੁਸਾਰ,



ਜੁਰਮਾਨੇ ਦੀ ਮਾਤਰਾ ਦਾ ਫ਼ੈਸਲਾ ਫੌਰਨ ਇਨਫਲੂਐਂਸ ਟ੍ਰਾਂਸਪੇਰੈਂਸੀ ਕਮਿਸ਼ਨਰ ਕਰੇਗਾ।

ਸਰਕਾਰ ਜਲਦੀ ਹੀ ਨਿਯਮਾਂ ਨੂੰ ਕੈਬਿਨੇਟ ਮਨਜ਼ੂਰੀ ਤੋਂ ਬਾਅਦ ਜਾਰੀ ਕਰੇਗੀ ਅਤੇ ਵਿਦੇਸ਼ੀ ਸਰਕਾਰਾਂ ਲਈ ਕੰਮ ਕਰਨ ਵਾਲਿਆਂ ਦੀ ਰਜਿਸਟਰੀ ਵੀ ਬਣਾਈ ਜਾਵੇਗੀ। ਇਸ ਕਦਮ ਦਾ ਮਕਸਦ ਕੈਨੇਡਾ ਦੀ ਚੋਣ ਪ੍ਰਣਾਲੀ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਤੋਂ ਸੁਰੱਖਿਅਤ ਕਰਨਾ ਹੈ।

# ਜਬਰਨ ਵਸੂਲੀ ਮਾਮਲੇ ’ਚ ਗ੍ਰਿਫ਼ਤਾਰ ਤਿੰਨ ਸ਼ੱਕੀਆਂ ਦੀ ਸੁਣਵਾਈ ਇੱਕ ਹਫ਼ਤੇ ਲਈ ਕੀਤੀ ਗਈ ਮੁਲਤਵੀ

**ਸਰੀ : ਆਪਣਾ ਪੰਜਾਬ ਮੀਡੀਆ :** ਬਿਹਾਰ ਸਰੀ ਵਿੱਚ ਜਬਰਨ ਵਸੂਲੀ ਨਾਲ ਜੁੜੀ ਗੋਲੀਬਾਰੀ ਦੇ ਮਾਮਲੇ ’ਚ ਗ੍ਰਿਫ਼ਤਾਰ ਤਿੰਨ ਨੌਜਵਾਨਾਂ ਦੀ ਅਦਾਲਤੀ ਸੁਣਵਾਈ ਇੱਕ ਹਫ਼ਤਾ ਅੱਗੇ ਕਰ ਦਿੱਤੀ ਗਈ ਹੈ। ਹਰਜੋਤ ਸਿੰਘ, ਤਰਨਵੀਰ ਸਿੰਘ ਅਤੇ ਦਿਆਜੀਤ ਸਿੰਘ ਬਿਲਿੰਗ ਵੀਰਵਾਰ ਸਵੇਰੇ ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਸੰਖੇਪ ਪੇਸ਼ੀ ਲਈ ਹਾਜ਼ਰ ਹੋਏ। ਮੁਲਜ਼ਮਾਂ ਦੇ ਵਕੀਲ ਦੀ ਮੰਗ ’ਤੇ ਪੂਰੀ ਸੁਣਵਾਈ ਹੁਣ




ਇੱਕ ਹਫ਼ਤਾ ਬਾਅਦ ਹੋਵੇਗੀ।

ਇਹ ਤਿੰਨੇ ਸ਼ੱਕੀ ਐਤਵਾਰ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤੇ ਗਏ ਜਦੋਂ ਸਰੀ ਵਿੱਚ ਇੱਕ ਘਰ ’ਤੇ ਗੋਲੀਆਂ ਚਲਾਈਆਂ ਗਈਆਂ। ਗ੍ਰਿਫ਼ਤਾਰੀ ਤੋਂ ਬਾਅਦ ਤੋਂ ਹੀ ਤਿੰਨੇ ਪੁਲਿਸ ਹਿਰਾਸਤ ਵਿੱਚ ਹਨ। ਉਨ੍ਹਾਂ ਖਿਲਾਫ਼ ਹਥਿਆਰ ਨਾਲ ਗੋਲੀ ਚਲਾਉਣ ਦੀ ਇੱਕ-ਇੱਕ ਧਾਰਾ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਤਾਜ਼ਾ ਘਟਨਾ ਸਰੀ ਵਿੱਚ ਵਧ ਰਹੇ ਜਬਰਨ ਵਸੂਲੀ ਦੇ ਮਾਮਲਿਆਂ ਵੱਲ ਧਿਆਨ ਖਿੱਚਦੀ ਹੈ। ਸਰੀ ਪੁਲਿਸ ਮੁਤਾਬਕ, ਇਸ ਸਾਲ ਹੁਣ ਤੱਕ 46 ਜਬਰਨ ਵਸੂਲੀ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ।






Founder & Chief Editor: Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com

16 VOL XVIII, ISSUE 1854 | SATURDAY FEBRUARY 07, 2026


SPORTS

# ਭਾਰਤ ਨੇ 6ਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ

## ਇੰਗਲੈਂਡ ਨੂੰ 100 ਦੌੜਾਂ ਨਾਲ ਹਰਾਇਆ




**ਹਰਾਰੇ : ਆਪਣਾ ਪੰਜਾਬ ਮੀਡੀਆ :** ਭਾਰਤੀ ਅੰਡਰ-19 ਕ੍ਰਿਕਟ ਟੀਮ ਨੇ ਸ਼ੁੱਕਰਵਾਰ ਨੂੰ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾ ਕੇ ਛੇਵੀਂ ਵਾਰ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ।

ਹਰਾਰੇ ਸਪੋਰਟਸ ਕਲੱਬ ਵਿੱਚ ਖੇਡੇ ਗਏ ਇਸ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 411 ਦੌੜਾਂ ਦਾ ਵਿਸ਼ਾਲਸਕੋਰਖੜ੍ਹਾਕੀਤਾ। ਭਾਰਤ ਦੀ ਇਸ ਜਿੱਤ ਦਾ ਸਭ ਤੋਂ ਵੱਡਾ ਹੀਰੋ 14 ਸਾਲਾ ਵੈਭਵ ਸੂਰਿਆਵੰਸ਼ੀ ਰਿਹਾ, ਜਿਸ ਨੇ ਮਹਿਜ਼ 80 ਗੇਂਦਾਂ ਵਿੱਚ 175 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਵੈਭਵ ਨੇ ਆਪਣੀ ਪਾਰੀ ਵਿੱਚ 15 ਚੌਕੇ ਅਤੇ 15 ਛੱਕੇ ਜੜੇ, ਜਿਸ ਨਾਲ ਇੰਗਲੈਂਡ ਦੇ ਗੇਂਦਬਾਜ਼ ਬੇਵੱਸ ਨਜ਼ਰ ਆਏ।

412 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਇੰਗਲੈਂਡ ਦੀ ਟੀਮ 40.2 ਓਵਰਾਂ ਵਿੱਚ 311 ਦੌੜਾਂ 'ਤੇ ਸਿਮਟ ਗਈ। ਹਾਲਾਂਕਿ ਇੰਗਲੈਂਡ ਦੇ ਕਾਲੇਬ ਫਾਕਨਰ ਨੇ 115 ਦੌੜਾਂ ਬਣਾ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਗੇਂਦਬਾਜ਼ਾਂ ਸਾਹਮਣੇ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ।

ਭਾਰਤ ਵੱਲੋਂ ਆਰ.ਐੱਸ. ਅੰਬਰੀਸ਼ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ, ਜਦਕਿ ਦੀਪੇਸ਼ ਦੇਵੇਂਦਰਨ ਅਤੇ ਕਨਿਸ਼ਕ ਚੌਹਾਨ ਨੇ 2-2 ਵਿਕਟਾਂ ਝਟਕਾਈਆਂ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਇੱਕ ਵਾਰ ਫਿਰ ਵਿਸ਼ਵ ਕ੍ਰਿਕਟ ਵਿੱਚ ਆਪਣੀ ਸਰਦਾਰੀ ਸਾਬਤ ਕਰ ਦਿੱਤੀ ਹੈ।

# BCCI ਨੇ ਭਾਰਤ ਦੀ ਅੰਡਰ-19 ਟੀਮ ਨੂੰ ਛੇਵੀਂ ICC-19 ਵਿਸ਼ਵ ਕੱਪ ਜਿੱਤਣ 'ਤੇ ਦਿੱਤੀ ਵਧਾਈ

**ਹਰਾਰੇ : ਆਪਣਾ ਪੰਜਾਬ ਮੀਡੀਆ :** ਭਾਰਤੀ ਕ੍ਰਿਕਟ ਕੰਟਰੋਲ ਬੋਰਡ (BCCI) ਭਾਰਤ ਦੀ ਅੰਡਰ-19 ਪੁਰਸ਼ ਟੀਮ ਨੂੰ ICC ਅੰਡਰ-19 ਪੁਰਸ਼ ਕ੍ਰਿਕਟ ਵਿਸ਼ਵ ਕੱਪ 2026 ਜਿੱਤਣ 'ਤੇ ਦਿਲੋਂ ਵਧਾਈ ਦਿੰਦਾ ਹੈ, ਜਿਸਨੇ ਫਾਈਨਲ ਵਿੱਚ ਇੰਗਲੈਂਡ ਨੂੰ 100 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਕੇ ਭਾਰਤ ਦਾ ਛੇਵਾਂ ਅੰਡਰ-19 ਵਿਸ਼ਵ ਕੱਪ ਖਿਤਾਬ ਹਾਸਲ ਕੀਤਾ।

ਟੀਮ ਨੂੰ ਵਧਾਈ ਦਿੰਦੇ ਹੋਏ, ਬੀਸੀਸੀਆਈ ਦੇ ਪ੍ਰਧਾਨ ਸ਼੍ਰੀ ਮਿਥੁਨ ਮਨਹਾਸ ਨੇ ਕਿਹਾ ਕਿ ਛੇਵੀਂ ਵਾਰ ਅੰਡਰ-19 ਵਿਸ਼ਵ ਕੱਪ ਜਿੱਤਣਾ ਇੱਕ ਸ਼ਾਨਦਾਰ ਪ੍ਰਾਪਤੀ ਹੈ ਅਤੇ ਉਮਰ-ਸਮੂਹ ਕ੍ਰਿਕਟ ਵਿੱਚ ਭਾਰਤ ਦੀ ਤਾਕਤ ਦਾ ਪ੍ਰਤੀਬਿੰਬ ਹੈ। ਇਸ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਆਤਮਵਿਸ਼ਵਾਸ ਅਤੇ ਚਰਿੱਤਰ ਨਾਲ ਖੇਡਿਆ।ਧਿਆਨਖਿੱਚਦੀਹੈ।




Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com
17 VOL XVIII, ISSUE 1854 | SATURDAY FEBRUARY 07, 2026
NEW YORK




# NATIONAL SUPPLIES CORP.

N·S·C "We Serve To Build Better"

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail and Granite
- Veneer Wall Stone





**Mon to Fri: 7:00 am to 4:30 pm | Sat: 7:00 am to 2:00 pm Sunday: Closed**

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH



Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1854 | SATURDAY FEBRUARY 07, 2026
NEW YORK

**ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।**

ਵੱਲੋਂ ਗੁਰਮੀਤ ਸਿੰਘ ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 67

# ਉਦਕਰਖ, ਆਕਰਖ ਤੇ ਪ੍ਰਤਿਪਾਲ ਸ਼ਕਤੀ

ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ॥
ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥

ਇਕ ਪ੍ਰਭੂ ਪਿਆਰੇ ਫਕੀਰ ਦੀ ਗਾਥਾ ਚੇਤੇ ਆ ਰਹੀ ਹੈ ਸਮਝਾਉਣ ਵਾਸਤੇ ਕਿ ਕਿਤਨਾ ਦਇਆਲੂ ਹੈ ਪਰਮੇਸ਼ਰ। ਇਕ ਮਹਾਤਮਾ ਦਾ ਜੀਵਨ ਐਸਾ ਬਣ ਗਿਆ ਕਿ ਰੋਜ਼ਾਨਾ ਉਤਨੀ ਦੇਰ ਭੋਜਨ ਨਹੀਂ ਛੱਕਦਾ ਜਿੰਨੀ ਦੇਰ ਕਿਸੇ ਦੂਸਰੇ ਨੂੰ ਛਕਾ ਨਹੀਂ ਸੀ ਲੈਂਦਾ। ਜਾਂ ਤਾਂ ਰੋਜ਼ਾਨਾ ਕੋਈ ਉਸ ਦੀ ਕੁਟੀਆ ਵਿਚ ਸਵੇਰੇ ਕੋਈ ਭੋਜਨ ਛਕਣ ਵਾਲਾ ਆ ਜਾਂਦਾ ਜਾਂ ਫਿਰ ਕਿਤਿਓਂ ਅਵਾਜ਼ ਦੇ ਕੇ ਬੁਲਾ ਲਿਆਉਂਦਾ ਪਰ ਰੋਟੀ ਉਤਨੀ ਦੇਰ ਨਹੀਂ ਖਾਣੀ ਜਿਤਨੀ ਦੇਰ ਕਿਸੇ ਨੂੰ ਹੱਥੀਂ ਖੁਆਈ ਨਹੀਂ। ਇਕ ਦਿਨ ਐਸਾ ਆਇਆ ਕਿ ਸਵੇਰੇ ਅੰਮ੍ਰਿਤ ਵੇਲੇ ਤੋਂ ਵਰਖਾ ਹੋਣੀ ਸੁਰੂ ਹੋ ਗਈ। ਦਿਨ ਚੜ੍ਹਨ ਤੋਂ ਬਾਅਦ ਵੀ ਮੀਂਹ ਨਹੀਂ ਹਟਿਆ। ਜਦੋਂ ਦੁਪਹਿਰ ਕੁ ਦਾ ਟਾਈਮ ਹੋਇਆ ਭਾਵੇਂ ਕਿ ਅਜੇ ਵੀ ਕੋਈ ਕੋਈ ਕਣੀ ਪੈ ਰਹੀ ਸੀ, ਫਕੀਰ ਨੂੰ ਵੀ ਭੁੱਖ ਲੱਗੀ ਹੋਈ ਪਰ ਅੱਜ ਕੋਈ ਭੋਜਨ ਛਕਣ ਨਹੀਂ ਆਇਆ। ਬਾਰਸ਼ ਰੁਕਣ ਤੇ ਫ਼ਕੀਰ ਬਾਹਰ ਨਿਕਲਿਆ ਤੇ ਕੀ ਤੱਕਿਆ ਕਿ ਬੁੱਢਾ ਜਿਹਾ ਆਦਮੀ ਸੜਕ 'ਤੇ ਤੁਰਿਆ ਜਾ ਰਿਹਾ ਹੈ।

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL ESTD. 2005
APNA PUNJAB MEDIA
Journalism With Guts to Tell It Like It Is!

ਫ਼ਕੀਰ ਨੂੰ ਪੁੱਛਿਆ ਕਿ ਬਜ਼ੁਰਗਾ, ਜੇ ਭੁੱਖ ਲੱਗੀ ਐ ਤਾਂ ਆ ਮੇਰੀ ਕੁਟੀਆਂ ਵਿਚ ਤੈਨੂੰ ਰੋਟੀ ਖੁਆਵਾਂ। ਉਸ ਬਜ਼ੁਰਗ ਨੂੰ ਭੁੱਖ ਲੱਗੀ ਸੀ। ਉਹ ਆ ਗਿਆ। ਜਦੋਂ ਇਸ ਫ਼ਕੀਰ ਨੇ ਥਾਲ ਪਰੋਸ ਕੇ ਉਸ ਬਜ਼ੁਰਗ ਅੱਗੇ ਰੱਖਿਆ ਤੇ ਉਹ ਬਜ਼ੁਰਗ ਲੱਗਾ ਰੋਟੀ ਨਾਲੋਂ ਬੁਰਕੀ ਤੋੜਨ ਤਾਂ ਫ਼ਕੀਰ ਨੇ ਕਿਹਾ, "ਓ ਭਲਿਆ ਪੁਰਸ਼ਾ ! ਜਿਹੜੇ ਰੱਬ ਦਾ ਦਿੱਤਾ ਹੋਇਆ ਖਾਣ ਲੱਗਾ ਹੈਂ ਉਸ ਪਰਮੇਸ਼ਰ ਦਾ ਸੁਕਰਾਨਾ ਤਾਂ ਕਰ ਲੈ, ਫਿਰ ਬੁਰਕੀ ਮੂੰਹ ਵਿਚ ਪਾਵੀਂ" ਤਾਂ ਉਹ ਅਗਿਉਂ ਬੋਲਿਆ, "ਮੈਂ ਤਾਂ ਰੱਬ ਦਾ ਸੁਕਰਾਨਾ ਅੱਜ ਤੱਕ ਕਦੇ ਨਹੀਂ ਕੀਤਾ। ਫ਼ਕੀਰ ਜੀ, ਤੁਸੀਂ ਰੋਟੀ ਦਿੱਤੀ ਹੈ ਕਹੋ ਤਾਂ ਤੁਹਾਡਾ ਧੰਨਵਾਦ ਕਰ ਦਿੰਦਾ ਹਾਂ।" ਪਰ ਉਹ ਫਕੀਰ ਕਹਿੰਦਾ ਹੈ, "ਨਹੀਂ ਭਈ, ਇਹ ਅੰਨ-ਦਾਣਾ ਖਾਣਾ ਪੀਣਾ ਮੇਰਾ ਨਹੀਂ, ਉਸ ਪਰਮੇਸ਼ਰ ਦਾ ਹੈ ਜਿਸ ਦਾ ਦਿੱਤਾ ਸਾਰਾ ਸੰਸਾਰ ਖਾ ਰਿਹਾ ਹੈ। ਇਸ ਲਈ ਉਸ ਅਕਾਲ ਪੁਰਖ ਦਾ ਸੁਕਰ ਕਰ।" ਤਾਂ ਉਹ ਆਦਮੀ ਉਸ ਮਹਾਤਮਾ ਨੂੰ ਕਹਿੰਦਾ ਹੈ ਕਿ ਐਹੋ ਜਿਹੇ ਰੱਬ ਦਾ ਮੈਂ ਨਹੀਂ ਕਦੀ ਸੁਕਰ ਕਰਦਾ ਜਿਹੜੇ ਰੱਬ ਨੇ ਦੁਨੀਆਂ ਵਿਚ ਭੈੜੀਆਂ ਭੈੜੀਆਂ ਨਾ ਮੁਰਾਦ ਬੀਮਾਰੀਆਂ ਪੈਦਾ ਕੀਤੀਆਂ ਹਨ। ਸੰਸਾਰ ਵਿਚ ਕੋਈ ਅੰਨ੍ਹਾ ਪੈਦਾ ਕੀਤਾ, ਕੋਈ ਲੱਤਾਂ ਤੋਂ ਬਿਨਾਂ ਚੱਲ ਰਿਹਾ ਹੈ ਆਦਿਕ। ਪਤਾ ਨਹੀਂ ਕੀ ਕੀ ਉਹ ਬੁੱਢਾ ਬੋਲਦਾ ਗਿਆ। ਅਖ਼ੀਰ ਕਹਿੰਦਾ ਹੈ ਕਿ ਫਕੀਰਾ, ਰੋਟੀ ਖਾਣ ਦੇਣੀ ਹੈ ਕਿ ਤਾਂ ਖਾਣ ਦੇ ਨਹੀਂ ਤਾਂ ਮੈਂ ਚੱਲਦਾ ਹਾਂ ਪਰ ਰੱਬ ਦਾ ਕੋਈ ਸੁਕਰ ਸੁਕਰਾਨਾ ਨਹੀਂ ਕਰਨਾ। ਨਾ ਮੈਂ ਅੱਜ ਤੱਕ ਕਦੀ ਕੀਤਾ ਹੈ। ਇਹ ਸੁਣਦਿਆਂ ਸਾਰ ਇਸ ਫਕੀਰ ਨੇ ਥਾਲ ਉਸ ਆਦਮੀ ਅਗੋਂ ਚੁੱਕ ਲਿਆ ਉਹ ਚਲਾ ਗਿਆ।

ਚਲਦਾ...


Copyright: Apna Punjab Media 2025-26
Graphic & Design: Apna Punjab Media Team



Founder & Chief Editor : Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media


COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com


VOL XVIII, ISSUE 1854 | SATURDAY FEBRUARY 07, 2026



# ਐਪਸਟਾਈਨ ਫਾਈਲਾਂ ਅਤੇ ਲੋਕਤੰਤਰ ਦੀ ਅਸਲ ਪਰਖ: ਪਾਰਦਰਸ਼ਤਾ, ਜਵਾਬਦੇਹੀ ਅਤੇ ਸ਼ਕਤੀ ਦੇ ਗੁਪਤ ਜਾਲ




ਇਹ ਵਿਵਾਦ ਸਿਰਫ਼ ਭਾਰਤ ਤੱਕ ਸੀਮਤ ਨਹੀਂ ਹੈ। ਅਮਰੀਕਾ ਵਿੱਚ, ਟਰੰਪ ਪ੍ਰਸ਼ਾਸਨ 'ਤੇ ਦਸਤਾਵੇਜ਼ਾਂ ਦੇ ਜਾਰੀ ਹੋਣ ਵਿੱਚ ਬੇਲੋੜੀ ਦੇਰੀ ਕਰਨ ਅਤੇ ਕੁਝ ਹਿੱਸਿਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਰਿਪਬਲਿਕਨ ਕਾਂਗਰਸਮੈਨ ਥਾਮਸ ਮੈਸੀ ਅਤੇ ਡੈਮੋਕ੍ਰੇਟਿਕ ਨੇਤਾਵਾਂ ਨੇ ਨਿਆਂਇਕ ਨਿਗਰਾਨੀ ਦੀ ਮੰਗ ਕੀਤੀ ਹੈ। ਇਹ ਦਰਸਾਉਂਦਾ ਹੈ ਕਿ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਤੰਤਰ ਵੀ ਸ਼ਕਤੀ ਅਤੇ ਪਾਰਦਰਸ਼ਤਾ ਵਿਚਕਾਰ ਟਕਰਾਅ ਤੋਂ ਮੁਕਤ ਨਹੀਂ ਹੈ।

ਇਹ ਬਹਿਸ ਭਾਰਤੀ ਲੋਕਤੰਤਰ ਦੇ ਸੰਦਰਭ ਵਿੱਚ ਹੋਰ ਵੀ ਡੂੰਘੀ ਹੁੰਦੀ ਜਾਂਦੀ ਹੈ। ਸਾਡੀ ਰਾਜਨੀਤਿਕ ਪ੍ਰਣਾਲੀ ਪਹਿਲਾਂ ਹੀ ਪ੍ਰੌਕਸੀ ਲੀਡਰਸ਼ਿਪ, ਕਾਰਪੋਰੇਟ ਪ੍ਰਭਾਵ ਅਤੇ ਅਪਾਰਦਰਸ਼ੀ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ ਲਈ ਆਲੋਚਨਾ ਦਾ ਸਾਹਮਣਾ ਕਰ ਰਹੀ ਹੈ।

ਪੰਚਾਇਤੀ ਰਾਜ ਪ੍ਰਣਾਲੀ ਵਿੱਚ ਔਰਤਾਂ ਨੂੰ 50% ਰਾਖਵਾਂਕਰਨ ਮਿਲਿਆ ਹੈ, ਪਰ ਬਹੁਤ ਸਾਰੀਆਂ ਥਾਵਾਂ 'ਤੇ, ਅਸਲ ਸ਼ਕਤੀ ਅਜੇ ਵੀ ਪ੍ਰੌਕਸੀ ਪੁਰਸ਼ਾਂ ਦੇ ਹੱਥਾਂ ਵਿੱਚ ਹੈ।


ਡਾ. ਸਤਿਆਵਾਨ ਸੌਰਭ

ਇਹ ਸਿਰਫ਼ ਇੱਕ ਸਥਾਨਕ-ਪੱਧਰ ਦੀ ਸਮੱਸਿਆ ਨਹੀਂ ਹੈ, ਸਗੋਂ ਸ਼ਕਤੀ ਢਾਂਚੇ ਵਿੱਚ ਇੱਕ ਵਿਆਪਕ ਰੁਝਾਨ ਨੂੰ ਦਰਸਾਉਂਦੀ ਹੈ - ਜਿੱਥੇ ਗੈਰ-ਰਸਮੀ ਨੈੱਟਵਰਕ ਰਸਮੀ ਲੋਕਤੰਤਰੀ ਢਾਂਚੇ ਦੇ ਪਿੱਛੇ ਫੈਸਲੇ ਲੈਂਦੇ ਹਨ। ਐਪਸਟਾਈਨ ਫਾਈਲਾਂ ਇਸ ਰੁਝਾਨ ਦਾ ਇੱਕ ਵਿਸ਼ਵਵਿਆਪੀ ਪ੍ਰਗਟਾਵਾ ਹਨ। ਲੋਕਤੰਤਰ ਸਤ੍ਹਾ 'ਤੇ ਚਮਕਦਾ ਹੈ, ਪਰ ਇਸਦੇ ਹੇਠਾਂ ਸਬੰਧਾਂ, ਪੈਸੇ ਅਤੇ ਗੁਪਤਤਾ ਦਾ ਖੇਡ ਹੈ। ਭਾਰਤ ਵਿੱਚ, ਕੋਹਿਨੂਰ ਵਿਵਾਦ, ਰਾਫੇਲ ਸੌਦਾ, ਜਾਂ ਚੋਣ ਬਾਂਡ ਵਰਗੇ ਪ੍ਰਣਾਲੀਆਂ ਬਾਰੇ ਉਠਾਏ ਗਏ ਸਵਾਲਾਂ ਨੇ ਵਿਸ਼ਵਾਸ ਦਾ ਸੰਕਟ ਪੈਦਾ ਕਰ ਦਿੱਤਾ ਹੈ। ਜਦੋਂ ਪਾਰਦਰਸ਼ਤਾ ਅਧੂਰੀ ਹੁੰਦੀ ਹੈ, ਤਾਂ ਅਫਵਾਹਾਂ ਅਤੇ ਸ਼ੱਕ ਕੁਦਰਤੀ ਤੌਰ 'ਤੇ ਵਧਦੇ-ਫੁੱਲਦੇ ਹਨ।

ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
APNA PUNJAB
Journalism With Guts to Tell It Like It Is!

ਇਹ ਫਾਈਲਾਂ ਵਿਸ਼ਵ ਪੱਧਰ 'ਤੇ ਪੂੰਜੀਵਾਦ ਅਤੇ ਸ਼ਕਤੀ ਦੇ ਗਠਜੋੜ ਨੂੰ ਬੇਨਕਾਬ ਕਰਦੀਆਂ ਹਨ। ਇੱਕ ਅਜਿਹਾ ਕੁਲੀਨ ਵਰਗ ਜਿੱਥੇ ਕਾਨੂੰਨ ਅਕਸਰ ਢਿੱਲਾ ਹੁੰਦਾ ਹੈ ਅਤੇ ਪ੍ਰਭਾਵਸ਼ਾਲੀ ਸ਼ਖਸੀਅਤਾਂ ਜਵਾਬਦੇਹੀ ਤੋਂ ਬਚ ਜਾਂਦੀਆਂ ਹਨ।

ਇਹ ਭਾਰਤ ਵਰਗੇ ਉੱਭਰ ਰਹੇ ਲੋਕਤੰਤਰਾਂ ਲਈ ਇੱਕ ਚੇਤਾਵਨੀ ਹੈ। ਸਾਡੀ ਆਰਥਿਕਤਾ ਵਿਸ਼ਵੀਕਰਨ ਦੇ ਯੁੱਗ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ - ਵਿਦੇਸ਼ੀ ਨਿਵੇਸ਼, ਸਟਾਰਟ-ਅੱਪ ਸੱਭਿਆਚਾਰ, ਅਤੇ ਅੰਤਰਰਾਸ਼ਟਰੀ ਭਾਈਵਾਲੀ ਵਧ ਰਹੀ ਹੈ। ਪਰ ਕੀ ਸਾਡੇ ਅਦਾਰੇ ਇੰਨੇ ਮਜ਼ਬੂਤ ਹਨ ਕਿ ਉਹ ਪ੍ਰਭਾਵ ਦੇ ਲੁਕਵੇਂ ਜਾਲਾਂ ਦਾ ਸਾਹਮਣਾ ਕਰ ਸਕਣ?

ਇਹ ਮੁੱਦਾ ਰਾਜਨੀਤਿਕ ਤੌਰ 'ਤੇ ਵੀ ਮਹੱਤਵਪੂਰਨ ਹੈ। ਅਜਿਹੇ ਖੁਲਾਸੇ 2029 ਦੀਆਂ ਆਮ ਚੋਣਾਂ ਤੋਂ ਪਹਿਲਾਂ ਰਾਜਨੀਤਿਕ ਵਿਚਾਰ-ਵਟਾਂਦਰੇ ਨੂੰ ਪ੍ਰਭਾਵਤ ਕਰ ਸਕਦੇ ਹਨ। ਸਵਾਲ ਉਠਾਉਣਾ ਵਿਰੋਧੀ ਧਿਰ ਦਾ ਫਰਜ਼ ਹੈ, ਪਰ ਇਸ ਤੋਂ ਵੀ ਮਹੱਤਵਪੂਰਨ ਸੰਸਦ ਵਿੱਚ ਗੰਭੀਰ ਅਤੇ ਤੱਥਾਂ ਵਾਲੀ ਬਹਿਸ ਹੈ। ਸੁਪਰੀਮ ਕੋਰਟ ਨੂੰ, ਜੇ ਜ਼ਰੂਰੀ ਹੋਵੇ, ਤਾਂ ਸੰਸਥਾਗਤ ਵਿਸ਼ਵਾਸ ਬਣਾਈ ਰੱਖਣ ਲਈ ਖੁਦ ਨੋਟਿਸ ਲੈਣਾ ਚਾਹੀਦਾ ਹੈ।

ਹੱਲ ਦਾ ਰਸਤਾ ਸਾਫ਼ ਹੈ। ਪਹਿਲਾ, ਭਾਰਤ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਸੁਤੰਤਰ ਅਤੇ ਨਿਰਪੱਖ ਜਾਂਚ - ਰਾਜਨੀਤਿਕ ਦਖਲਅੰਦਾਜ਼ੀ ਤੋਂ ਮੁਕਤ। ਦੂਜਾ, ਸੰਵਿਧਾਨਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਅਤੇ ਸੀਨੀਅਰ ਅਧਿਕਾਰੀਆਂ ਦੇ ਵਿਦੇਸ਼ੀ ਸੰਪਰਕਾਂ ਦਾ ਨਿਯਮਤ ਜਨਤਕ ਖੁਲਾਸਾ। ਤੀਜਾ, ਸੂਚਨਾ ਦੇ ਅਧਿਕਾਰ ਨੂੰ ਹੋਰ ਮਜ਼ਬੂਤ ਕਰਨਾ ਅਤੇ ਰਾਜਨੀਤਿਕ ਫੰਡਿੰਗ ਵਿੱਚ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ। ਜੀ-20 ਵਰਗੇ ਅੰਤਰਰਾਸ਼ਟਰੀ ਫੋਰਮਾਂ 'ਤੇ ਸਾਈਬਰ ਅਤੇ ਵਿੱਤੀ ਪਾਰਦਰਸ਼ਤਾ ਨੂੰ ਇੱਕ ਏਜੰਡਾ ਆਈਟਮ ਬਣਾਉਣਾ ਵੀ ਮਹੱਤਵਪੂਰਨ ਹੈ।

ਐਪਸਟਾਈਨ ਫਾਈਲਾਂ ਸਿਰਫ਼ ਇੱਕ ਵਿਅਕਤੀ ਜਾਂ ਇੱਕ ਘੁਟਾਲੇ ਦੀ ਕਹਾਣੀ ਨਹੀਂ ਹਨ। ਇਹ ਦਰਸਾਉਂਦੀਆਂ ਹਨ ਕਿ ਲੋਕਤੰਤਰ ਦੀ ਅਸਲ ਪ੍ਰੀਖਿਆ ਸ਼ਕਤੀ 'ਤੇ ਸਵਾਲ ਉਠਾਉਣ ਵਿੱਚ ਹੈ।

ਜੇ ਅਸੀਂ ਪ੍ਰਸ਼ਨਾਂ ਨੂੰ ਦਬਾਉਂਦੇ ਹਾਂ, ਤਾਂ ਸ਼ਕਤੀ ਦਾ ਸ਼ੀਸ਼ਾ ਧੁੰਦਲਾ ਹੋ ਜਾਵੇਗਾ। ਪੇਂਡੂ ਭਾਰਤ ਵਿੱਚ ਆਂਗਣਵਾੜੀ ਵਰਕਰਾਂ ਤੋਂ ਲੈ ਕੇ ਸੰਸਦ ਅਤੇ ਵਿਸ਼ਵਵਿਆਪੀ ਮੰਚਾਂ ਤੱਕ - ਹਰ ਪੱਧਰ 'ਤੇ ਜਵਾਬਦੇਹੀ ਲੋਕਤੰਤਰ ਦੀ ਜੀਵਨ-ਰਹਿਤ ਹੈ।

ਜੇਕਰ ਸੁਧਾਰ ਸਮੇਂ ਸਿਰ ਲਾਗੂ ਕੀਤੇ ਜਾਂਦੇ ਹਨ, ਤਾਂ ਲੋਕਤੰਤਰ ਮਜ਼ਬੂਤ ਹੋਵੇਗਾ। ਨਹੀਂ ਤਾਂ, ਭੇਦ, ਨੈੱਟਵਰਕ ਅਤੇ ਧੁੰਦਲਾਪਨ ਲੋਕਤੰਤਰੀ ਸੰਸਥਾਵਾਂ ਨੂੰ ਅੰਦਰੋਂ ਖੋਰਾ ਲਗਾਉਂਦੇ ਰਹਿਣਗੇ।

ਸੱਤਾ ਜਵਾਬਦੇਹ ਹੋਣੀ ਚਾਹੀਦੀ ਹੈ - ਇਹ ਗਣਰਾਜ ਦਾ ਮੂਲ ਮੰਤਰ ਹੈ।

**ਜੈ ਹਿੰਦ।**


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ



# ਕਾਂਗਰਸ ਸਿੱਖਾਂ ਨਾਲ ਨਫ਼ਰਤ ਕਰਦੀ ਹੈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ

## ਰਾਹੁਲ ਗਾਂਧੀ ਦੀ 'ਗੱਦਾਰ' ਵਾਲੀ ਟਿੱਪਣੀ 'ਤੇ ਬੋਲੇ ਪੀਐਮ ਮੋਦੀ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਬੋਲਦਿਆਂ ਰਾਹੁਲ ਗਾਂਧੀ ਦੀ ਰਵਨੀਤ ਬਿੱਟੂ ਲਈ ਕੀਤੀ 'ਗੱਦਾਰ' ਵਾਲੀ ਟਿੱਪਣੀ'ਤੇਤਨਜਕੱਸਿਆ। ਉਨ੍ਹਾਂ ਕਿਹਾ ਕਿ "ਕਾਂਗਰਸ ਸਿੱਖਾਂ ਪ੍ਰਤੀ ਨਫ਼ਰਤ ਰੱਖਦੀ ਹੈ ਅਤੇ ਇਸ ਨੇ ਸਿੱਖ ਭਾਈਚਾਰੇ ਦੀ ਬੇਅਦਬੀ ਕੀਤੀ ਹੈ।" ਮੋਦੀ ਨੇ ਕਿਹਾ ਕਿ ਦੁਨੀਆ ਇੱਕ ਨਵੀਂ ਵਿਸ਼ਵ ਵਿਵਸਥਾ ਵੱਲ ਵਧ ਰਹੀ ਹੈ ਅਤੇ ਭਾਰਤ ਗਲੋਬਲ ਸਾਊਥ ਦੀ ਇੱਕ ਬੁਲੰਦ ਆਵਾਜ਼ ਵਜੋਂ ਉੱਭਰਿਆ ਹੈ। ਜਿਵੇਂ ਹੀ ਮੋਦੀ ਨੇ ਆਪਣਾ ਜਵਾਬ ਸ਼ੁਰੂ ਕੀਤਾ, ਵਿਰੋਧੀ ਪਾਰਟੀਆਂ ਨੇ ਲੋਕ ਸਭਾ ਵਿੱਚ ਚੱਲ ਰਹੇ ਡੈੱਡਲਾਕ ਦੇ ਵਿਚਕਾਰ "ਵਿਰੋਧੀ ਧਿਰ ਦੇ ਆਗੂ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ" ਦੇ ਨਾਅਰੇ ਲਗਾਏ। ਪ੍ਰਧਾਨ ਮੰਤਰੀ ਨੇ ਰਾਜ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ'ਤੇਤਨਜਕੱਸਦਿਆਂ ਸੁਝਾਅ ਦਿੱਤਾ ਕਿ ਉਹ ਬੈਠੇ-ਬੈਠੇ ਨਾਅਰੇਬਾਜ਼ੀ ਕਰ ਸਕਦੇ ਹਨ। ਵਿਰੋਧੀ ਸੰਸਦ ਮੈਂਬਰਾਂ ਨੇ ਬਾਅਦ ਵਿੱਚ ਵਾਕਆਊਟ ਕਰ ਦਿੱਤਾ। ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਨਾਲ ਫਾਈਨਲ ਹੋ ਰਹੇ ਵਪਾਰਕ ਸਮਝੌਤਿਆਂ ਦਾ ਜ਼ਿਕਰ ਕੀਤਾ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰੀਕਸ਼ਾ ਪੇ ਚਰਚਾ ਦੌਰਾਨ ਮਿਲੀ Chandigarh ਦੀ ਅਨੰਨਿਆ ਸ਼ਰਮਾ

## ਪ੍ਰਧਾਨ ਮੰਤਰੀ ਨੇ ਵਿਦਿਆਰਥੀਆਂ ਨੂੰ ਤਣਾਅ ਮੁਕਤ ਰਹਿਣ ਦੇ ਗੁਰ ਦੱਸੇ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦਿਆਰਥੀਆਂ ਦੇ ਪ੍ਰੀਖਿਆਵਾਂ ਵਿਚਲੇ ਤਣਾਅ ਨੂੰ ਦੂਰ ਕਰਨ ਲਈ 'ਪ੍ਰੀਖਿਆ ਪੇ ਚਰਚਾ' ਦਾ ਨੌਵਾਂ ਐਡੀਸ਼ਨ ਕਰਵਾਇਆ ਗਿਆ ਜਿਸ ਦੌਰਾਨ ਚੰਡੀਗੜ੍ਹ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ-20 ਦੀ ਨੌਵੀਂ ਜਮਾਤ ਦੀ ਵਿਦਿਆਰਥਣ ਅਨੰਨਿਆ ਸ਼ਰਮਾ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੀ। ਅਨੰਨਿਆ ਸ਼ਰਮਾ ਦੀ ਚੋਣ ਚੰਡੀਗੜ੍ਹ ਦੇ ਇਕ ਲੱਖਤੋਂ'ਤੇ ਵਿਦਿਆਰਥੀਆਂ ਵਿਚੋਂ ਕੀਤੀ ਗਈ । ਇਸ ਤੋਂ ਇਲਾਵਾ ਚੰਡੀਗੜ੍ਹ ਦੇ ਸੈਕਟਰ-32 ਦੇ ਇਕ ਸਕੂਲ ਦੇ ਵਿਦਿਆਰਥੀ ਦੀ ਵੀ ਚੋਣ ਪ੍ਰੀਕਸ਼ਾ ਪੇ ਚਰਚਾ ਲਈ ਹੋਈ । ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿਚ ਤਣਾਅ ਨੂੰ ਘਟਾਉਣ ਲਈ ਪ੍ਰੇਰਨਾਦਾਇਕ ਗੱਲਾਂ ਕਹੀਆਂ।

# ਸੁਖਬੀਰ ਬਾਦਲ ਦੇ ਅਸਤੀਫ਼ੇ ਬਿਨਾਂ ਸਮਝੌਤਾ ਨਹੀਂ: ਗਿਆਨੀ ਹਰਪ੍ਰੀਤ ਸਿੰਘ



**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ 2 ਦਸੰਬਰ 2024 ਦੇ ਹੁਕਮਨਾਮੇ ਅਨੁਸਾਰ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਤੋਂ ਬਿਨਾਂ ਉਨ੍ਹਾਂ ਦੀ ਅਗਵਾਈ ਹੇਠ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲਾਂ ਵਿਚਾਲੇ ਸਮਝੌਤਾ ਵਿਅਕਤੀਗਤ ਨਹੀਂ, ਸਗੋਂ ਫਲਸਫ਼ੇ ਅਤੇ ਸਿਧਾਂਤਾਂ ਦੇ ਅਧਾਰ 'ਤੇ ਹੁੰਦਾ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਅੰਬ ਸਾਹਿਬ ਦੀ 44 ਮਰਲੇ ਜ਼ਮੀਨ ਕੌਡੀਆਂ ਦੇ ਭਾਅ ਵੇਚਣ ਦੇ ਮਾਮਲੇ 'ਚ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਕੰਮ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ।

# ਮਾਇਆਵਤੀ ਵੱਲੋਂ 'ਘੂਸਖ਼ੋਰ ਪੰਡਿਤ' ਫ਼ਿਲਮ 'ਤੇ ਪਾਬੰਦੀ ਦੀ ਮੰਗ



**ਲਖਨਊ : ਆਪਣਾ ਪੰਜਾਬ ਮੀਡੀਆ :** ਬਸਪਾ ਮੁਖੀ ਮਾਇਆਵਤੀ ਨੇ ਫ਼ਿਲਮ 'ਘੂਸਖ਼ੋਰ ਪੰਡਿਤ' ਵਿੱਚ ਬ੍ਰਾਹਮਣ ਭਾਈਚਾਰੇ ਦੀ ਕਥਿਤ ਬੇਅਦਬੀ ਦੀ ਨਿੰਦਾ ਕਰਦਿਆਂ ਕੇਂਦਰ ਸਰਕਾਰ ਤੋਂ ਇਸਨੂੰ ਤੁਰੰਤ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਫ਼ਿਲਮ 'ਪੰਡਿਤ' ਸ਼ਬਦ ਨੂੰ ਅਪਮਾਨਜਨਕ ਢੰਗ ਨਾਲ ਪੇਸ਼ ਕਰਦੀ ਹੈ, ਜਿਸ ਨਾਲ ਪੂਰੇ ਬ੍ਰਾਹਮਣ ਸਮਾਜ ਵਿੱਚ ਰੋਸ ਹੈ। ਮਾਇਆਵਤੀ ਨੇ ਕਿਹਾ ਕਿ ਅਜਿਹੀਆਂ ਫ਼ਿਲਮਾਂ ਸਮਾਜ ਵਿੱਚ ਵੰਡ ਪੈਦਾ ਕਰਦੀਆਂ ਹਨ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
21 VOL XVIII, ISSUE 1854 | SATURDAY FEBRUARY 07, 2026
NEW YORK




A-NEST
Indian Cuisine

NOW OPEN

IN PLAINVIEW, NEW YORK

WE DO CATERING INDOOR & OUTDOOR FOR ALL OCCASIONS



SUNDAY TO THURSDAY
11 AM TO 3 PM-5 PM TO 10 PM

FRIDAY & SATURDAY
11AM TO 3.30 PM-5PM TO 10.30 PM

516-342-6006

430 WOODBURY ROAD, PLAINVIEW, NY 11803

Anestindiancuisine.com
Anestbury@gmail.com

WE DELIVER USING
Uber Eats
Postmates


Copyright: Apna Punjab Media 2025-26
Graphic & Design: Apna Punjab Media Team



Founder & Chief Editor : Gurmit Singh

1516 989 8001 | 1631 835 8000

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

22 VOL XVIII, ISSUE 1854 | SATURDAY FEBRUARY 07, 2026

WORLD


BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

*Visit our dedicated pages for the latest national and international news.*


ਹੁਣੇ ਹੁਣੇ

## ਇਰਾਨ ਤੇ ਅਮਰੀਕਾ ਵਿਚਾਲੇ ਪਰਮਾਣੂ ਵਾਰਤਾ ਭਲਕੇ ਓਮਾਨ 'ਚ ਹੋਵੇਗੀ : ਅੱਬਾਸ ਅਰਾਗ਼ਚੀ



**ਦੁਬਈ : ਆਪਣਾ ਪੰਜਾਬ ਮੀਡੀਆ :** ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਇਰਾਨ ਤੇ ਅਮਰੀਕਾ ਵਿਚਾਲੇ ਪਰਮਾਣੂ ਵਾਰਤਾ ਭਲਕੇ ਓਮਾਨ 'ਚ ਹੋਵੇਗੀ। ਇਰਾਨ 'ਚ ਦੇਸ਼ ਪੱਧਰੀ ਮੁਜ਼ਾਹਰਿਆਂ ਖ਼ਿਲਾਫ਼ ਹਿੰਸਕ ਕਾਰਵਾਈ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਜਾਰੀ ਹੈ। ਇਰਾਨ ਦੇ ਵਿਦੇਸ਼ ਮੰਤਰੀ ਦੇ ਇਸ ਐਲਾਨ ਤੋਂ ਪਹਿਲਾਂ ਅਜਿਹੇ ਸੰਕੇਤ ਮਿਲ ਰਹੇ ਸਨ ਕਿ ਵਾਰਤਾ ਦੇ ਵਿਸ਼ੇ 'ਚ ਤਬਦੀਲੀ ਕਾਰਨ ਇਸ 'ਚ ਅੜਿੱਕਾ ਪੈ ਰਿਹਾ ਹੈ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਰਤਾ ਤੋਂ ਪਹਿਲਾਂ ਇਰਾਨ ਦੇ ਸਰਬਉੱਚ ਆਗੂ ਆਇਤੁੱਲਾ ਅਲੀ ਖਮੇਨੀ ਨੂੰ ਸਖਤ ਚਿਤਾਵਨੀ ਦਿੱਤੀ ਹੈ। ਸ੍ਰੀ ਟਰੰਪ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਬਹੁਤ ਫਿਕਰਮੰਦ ਹੋਣਾ ਚਾਹੀਦਾ ਹੈ।"

## ਕਾਂਗਰਸ ਦਾ ਮੋਦੀ 'ਤੇ ਤਨਜ਼, ਟਰੰਪ ਦੇ ਦਾਅਵਿਆਂ 'ਤੇ ਚੁੱਪੀ 'ਤੇ ਸਵਾਲ



**ਦੁਬਈ : ਆਪਣਾ ਪੰਜਾਬ ਮੀਡੀਆ :** ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਇਰਾਨ ਤੇ ਅਮਰੀਕਾ ਵਿਚਾਲੇ ਪਰਮਾਣੂ ਵਾਰਤਾ ਭਲਕੇ ਓਮਾਨ 'ਚ ਹੋਵੇਗੀ।

ਇਰਾਨ 'ਚ ਦੇਸ਼ ਪੱਧਰੀ ਮੁਜ਼ਾਹਰਿਆਂ ਖ਼ਿਲਾਫ਼ ਹਿੰਸਕ ਕਾਰਵਾਈ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਜਾਰੀ ਹੈ। ਇਰਾਨ ਦੇ ਵਿਦੇਸ਼ ਮੰਤਰੀ ਦੇ ਇਸ ਐਲਾਨ ਤੋਂ ਪਹਿਲਾਂ ਅਜਿਹੇ ਸੰਕੇਤ ਮਿਲ ਰਹੇ ਸਨ ਕਿ ਵਾਰਤਾ ਦੇ ਵਿਸ਼ੇ 'ਚ ਤਬਦੀਲੀ ਕਾਰਨ ਇਸ 'ਚ ਅੜਿੱਕਾ ਪੈ ਰਿਹਾ ਹੈ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਰਤਾ ਤੋਂ ਪਹਿਲਾਂ ਇਰਾਨ ਦੇ ਸਰਬਉੱਚ ਆਗੂ ਆਇਤੁੱਲਾ ਅਲੀ ਖਮੇਨੀ ਨੂੰ ਸਖਤ ਚਿਤਾਵਨੀ ਦਿੱਤੀ ਹੈ।



## ਬੱਚਿਆਂ ਵਿੱਚ ਆਨਲਾਈਨ ਗੇਮਿੰਗ ਦੀ ਲਤ ਚਿੰਤਾਜਨਕ, 'ਕੋਰੀਅਨ ਗੇਮਾਂ' 'ਤੇ ਨਿਗਰਾਨੀ

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਬੱਚਿਆਂ ਅਤੇ ਕਿਸ਼ੋਰਾਂ ਵਿੱਚ ਵਧ ਰਹੀ ਆਨਲਾਈਨ ਗੇਮਿੰਗ ਦੀ ਲਤ ਮਾਪਿਆਂ ਅਤੇ ਮਾਹਿਰਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ। ਗਾਜ਼ੀਆਬਾਦ ਦੀਆਂ ਭੈਣਾਂ ਨਾਲ ਜੁੜੀ ਹਾਲੀਆ ਦੁਖਦਾਈ ਘਟਨਾ ਤੋਂ ਬਾਅਦ 'ਕੋਰੀਅਨ ਗੇਮਾਂ' ਸਰਕਾਰੀ ਅਤੇ ਜਨਤਕ ਜਾਂਚ ਦੇ ਘੇਰੇ ਵਿੱਚ ਆ ਗਈਆਂ ਹਨ।

ਮਾਹਿਰਾਂ ਅਨੁਸਾਰ ਇਹ ਸ਼ਬਦ ਵੱਖ-ਵੱਖ ਕਿਸਮ ਦੀਆਂ ਆਨਲਾਈਨ ਗੇਮਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿੱਚ ਜੋਖਮ ਦੇ ਪੱਧਰ ਵੱਖਰੇ ਹਨ।

ਸਭ ਤੋਂ ਚਿੰਤਾਜਨਕ ਵਿਜ਼ੂਅਲ ਨੋਵਲ ਜਾਂ 'ਕੋਰੀਅਨ ਲਵ ਗੇਮਾਂ' ਮੰਨੀ ਜਾਂਦੀਆਂ ਹਨ, ਜਿਹੜੀਆਂ K-pop ਸਭਿਆਚਾਰ ਤੋਂ ਪ੍ਰੇਰਿਤ ਕਾਲਪਨਿਕ ਪਾਤਰਾਂ ਨਾਲ AI ਚੈਟ ਰਾਹੀਂ ਭਾਵਨਾਤਮਕ ਜੁੜਾਅ ਬਣਾਉਂਦੀਆਂ ਹਨ। ਮਾਨਸਿਕ ਸਿਹਤ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਅਜਿਹੀਆਂ ਗੇਮਾਂ ਕਿਸ਼ੋਰਾਂ ਵਿੱਚ ਨੀਂਦ ਦੀ ਕਮੀ, ਪੜ੍ਹਾਈ ਵਿੱਚ ਗਿਰਾਵਟ, ਸਮਾਜਿਕ ਦੂਰੀ ਅਤੇ ਭਾਵਨਾਤਮਕ ਨਿਰਭਰਤਾ ਦਾ ਕਾਰਨ ਬਣ ਸਕਦੀਆਂ ਹਨ।

## >>> ਭਾਰਤ ਵੱਲੋਂ ਯੂ ਐੱਨ ਨੂੰ 35.18 ਮਿਲੀਅਨ ਡਾਲਰ ਦਾ ਭੁਗਤਾਨ...




**ਦੁਬਈ : ਆਪਣਾ ਪੰਜਾਬ ਮੀਡੀਆ :** ਭਾਰਤ ਨੇ 2026 ਲਈ ਸੰਯੁਕਤ ਰਾਸ਼ਟਰ ਦੇ ਨਿਯਮਤ ਬਜਟ ਵਿੱਚ 35.18 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ ਹੈ। ਅਜਿਹਾ ਕਰ ਕੇ ਭਾਰਤ ਉਨ੍ਹਾਂ 47 ਮੈਂਬਰ ਮੁਲਕਾਂ ਦੀ 'ਸਨਮਾਨ ਸੂਚੀ' ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਆਲਮੀ ਸੰਸਥਾ ਨੂੰ ਸਮੇਂ ਸਿਰ ਆਪਣੇ ਨਿਯਮਤ ਬਜਟ ਬਕਾਏ ਦਾ ਪੂਰਾ ਭੁਗਤਾਨ ਕੀਤਾ ਹੈ। ਬਜਟ ਯੋਗਦਾਨ ਬਾਰੇ ਸੰਯੁਕਤ ਰਾਸ਼ਟਰ ਦੀ ਕਮੇਟੀ ਨੇ ਕਿਹਾ ਕਿ 3 ਫਰਵਰੀ 2026 ਤੱਕ 47 ਮੈਂਬਰ ਮੁਲਕਾਂ ਨੇ ਸੰਯੁਕਤ ਰਾਸ਼ਟਰ ਦੇ ਵਿੱਤੀ ਨਿਯਮਾਂ ਵਿੱਚ ਦਰਸਾਏ ਗਏ 30 ਦਿਨਾਂ ਦੇ ਨਿਯਤ ਸਮੇਂ ਅੰਦਰ ਆਪਣੇ ਨਿਯਮਤ ਬਜਟ ਮੁਲਾਂਕਣਾਂ ਦਾ ਪੂਰਾ ਭੁਗਤਾਨ ਕੀਤਾ ਹੈ।



## ਰੂਸ-ਯੂਕਰੇਨ 314 ਕੈਦੀਆਂ ਦੀ ਅਦਲਾ-ਬਦਲੀ ਲਈ ਸਹਿਮਤ

**ਅਬੂ ਧਾਬੀ/ਕੀਵ : ਆਪਣਾ ਪੰਜਾਬ ਮੀਡੀਆ :** ਰੂਸ ਅਤੇ ਯੂਕਰੇਨ 314 ਕੈਦੀਆਂ ਦੀ ਅਦਲਾ-ਬਦਲੀ ਕਰਨ 'ਤੇ ਸਹਿਮਤ ਹੋ ਗਏ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਨੇ ਦੱਸਿਆ ਕਿ ਪਿਛਲੇ ਪੰਜ ਮਹੀਨਿਆਂ ਵਿੱਚ ਇਹ ਪਹਿਲੀ ਵੱਡੀ ਅਦਲਾ-ਬਦਲੀ ਹੈ, ਜੋ ਸ਼ਾਂਤੀ ਵਾਰਤਾਵਾਂ ਦਾ ਨਤੀਜਾ ਹੈ। ਵਿਟਕੌਫ ਨੇ ਕਿਹਾ ਕਿ ਭਾਵੇਂ ਜੰਗ ਖ਼ਤਮ ਕਰਨ ਲਈ ਅਜੇ ਕਾਫ਼ੀ ਕੰਮ ਬਾਕੀ ਹੈ, ਪਰ ਲਗਾਤਾਰ ਕੂਟਨੀਤਕ ਕੋਸ਼ਿਸ਼ਾਂ ਠੋਸ ਨਤੀਜੇ ਦੇ ਰਹੀਆਂ ਹਨ।



Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com







ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005

Journalism With Guts to Tell It Like It Is!

Founder & Chief Editor : Gurmit Singh

1516 989 8001 | 1631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com


24 VOL XVIII, ISSUE 1854 | SATURDAY FEBRUARY 07, 2026

ARTICLE


# ਪੁੱਤਰ ਮੋਹ ਅਤੇ ਧੀਆਂ ਦੀ ਅਣਦੇਖੀ ਕਾਰਨ, ਅਗਰ ਮਾਪਿਆਂ ਪ੍ਰਤੀ, ਧੀਆਂ ਅੰਦਰ ਨਫਰਤ ਦੀ ਚੰਗਿਆੜੀ ਸੁਲਗ ਗਈ ਤਾਂ ਨਤੀਜੇ ਭਿਆਨਕ ਹੋ ਸਕਦੇ ਹਨ - ਡਾ. ਐਚ. ਐਸ. ਬਾਵਾ

## ਪੁੱਤਰ ਬਣ ਰਹੇ ਕਾਤਲ - ਧੀਆਂ ਸਾਥ ਨਿਭਾਉਂਦੀਆਂ ਨੇ ।

ਦੇਸ਼ ਵਾਸੀਓ ਆਓ ਆਪਾਂ ਪ੍ਰਣ ਲਈਏ ਕਿ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਦੂਜਿਆਂ ਨੂੰ ਕੋਸਣ ਅਤੇ ਸਮਝਾਉਣ ਦੀ ਬਿਜਾਇ ਪਹਿਲਾਂ ਆਪ ਖੁਦ ਸਮਝਣ ਦੀ ਕੋਸ਼ਿਸ਼ ਕਰਦੇ ਹੋਏ ਸ਼ੁਰੂਆਤ ਆਪਣੇ ਆਪ ਤੋਂ ਕਰੀਏ, ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਸਾਇੰਸ ਦਾ ਜੁੱਗ ਹੈ, ਜੋ ਬੁਰਾਈਆਂ, ਅਨਪੜ੍ਹਤਾ ਦੇ ਕਾਰਨ ਸਾਡੇ ਸਮਾਜ ਨੂੰ ਲਗਾਤਾਰ ਘੁਣ ਵਾਂਗ ਖੋਖਲਾ ਕਰ ਰਹੀਆਂ ਹਨ, ਪਰ ਅੱਜ ਪੜ੍ਹ - ਲਿਖ ਜਾਣ ਦੇ ਬਾਵਜੂਦ ਵੀ, ਮਰੀਆਂ ਜ਼ਮੀਰਾਂ ਕਾਰਨ ਸਾਡਾ ਖਹਿੜਾ ਨਹੀਂ ਛੱਡ ਰਹੀਆਂ, ਜਿਸ ਦੇ ਨਤੀਜੇ ਪੂਰੇ ਸਮਾਜ ਨੂੰ ਭੁਗਤਣੇ ਪੈਂਦੇ ਹਨ, ਇਹਨਾਂ ਬੁਰਾਈਆਂ ਚ ਇੱਕ ਅਹਿਮ ਬੁਰਾਈ ਹੈ, ਧੀਆਂ ਨਾਲ ਹੋ ਰਿਹਾ ਵਿਤਕਰਾ, ਧੀਆਂ ਨੂੰ ਬੋਝ ਸਮਝਣਾ ਅਤੇ ਧੀਆਂ ਪੈਦਾ ਕਰਨ ਵਾਲੀ ਮਾਂ ਨੂੰ ਕੋਸਣਾ ਭਾਵ ਤਾਹਨੇ-ਮਿਹਣੇ ਮਾਰਨੇ ਆਦਿ। ਬੇਸ਼ੱਕ ਅਸੀਂ ਪੜ੍ਹ ਲਿਖ ਗਏ ਹਾਂ ਪਰ ਇਹ ਸਭ ਅਗਿਆਨਤਾ ਦਾ ਹੀ ਨਤੀਜਾ ਹੈ। ਅਜਿਹੀਆਂ ਬੁਰਾਈਆਂ ਦਾ ਵਿਰਸੇ ਚ ਮਿਲਣਾ ਸ਼ਰਮਨਾਕ ਹੀ ਨਹੀਂ ਸਗੋਂ ਘਾਤਕ ਵੀ ਹੈ। ਧੀਆਂ ਪ੍ਰਤੀ ਸਾਡੀ ਮਾਨਸਿਕਤਾ ਕੁੱਝ ਅਜਿਹੀ ਹੈ...ਮੇਰੇ ਘਰ ਜਦੋਂ ਪਹਿਲਾ ਬੱਚਾ, ਲੜਕੀ ਪੈਦਾ ਹੋਈ ਤਾਂ ਮੈਂ ਮਠਿਆਈ ਵੰਡੀ ਤਾਂ ਲੋਕ ਕਹਿੰਦੇ ਸਨ ਕਿ ਧੀਆਂ ਦੀ ਮਠਿਆਈ ਕੌਣ ਵੰਡਦਾ ਹੈ...? ਸਮੇਂ - ਸਮੇਂ ਦੀਆਂ ਸਰਕਾਰਾਂ ਵਲੋਂ ਵੀ ਇਸ ਵਿਤਕਰੇ ਦੇ ਖਾਤਮੇ ਲਈ ਯਤਨਸ਼ੀਲ ਰਹਿੰਦੇ ਹੋਇਆ ਧੀਆਂ ਦੀ ਭਲਾਈ ਲਈ ਅਹਿਮ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਤਾਂ ਕਿ ਧੀਆਂ ਇਸ ਮਰਦ ਪ੍ਰਧਾਨ ਦੇਸ਼ ਵਿੱਚ ਖੁਦ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਸਕਣ। ਜਿਸ ਦੇ ਸਿੱਟੇ ਵਜੋਂ ਸਾਡੀਆਂ ਧੀਆਂ ਨੇ ਵੱਡੇ-ਵੱਡੇ ਅਹੁਦਿਆਂ ਤੇ ਰਹਿ ਕੇ ਅਹਿਮ ਭੂਮਿਕਾ ਨਿਭਾਈ ਅਤੇ ਨਿਭਾ ਰਹੀਆਂ ਹਨ, ਜੋ ਕਿ ਆਪਣੇ ਮਾਪਿਆਂ



ਅਤੇ ਦੇਸ਼ ਦਾ ਨਾਮ ਸੰਸਾਰ ਵਿੱਚ ਰੋਸ਼ਨ ਕਰ ਰਹੀਆਂ ਹਨ।

## ਸਾਇੰਸ ਅਨੁਸਾਰ ਇਹ ਗੱਲ ਕਲੀਅਰ ਅਤੇ ਸਪੱਸ਼ਟ ਹੈ ਕਿ ਲੜਕਾ ਜਾਂ ਲੜਕੀ ਦਾ ਪੈਦਾ ਹੋਣ ਵਿੱਚ ਵਿਸ਼ੇਸ਼ ਰੋਲ ਮਰਦ ਦਾ ਹੁੰਦਾ ਹੈ ਨਾ ਕਿ ਔਰਤ ਦਾ।

ਫਿਰ ਵੀ ਸਾਡੇ ਢੀਠ ਸਮਾਜ ਵਲੋਂ ਔਰਤ ਨੂੰ ਹੀ ਕਟਹਿਰੇ ਚ ਕਿਉਂ ਖੜ੍ਹਾ ਕੀਤਾ ਜਾਂਦਾ ਹੈ ? ਭਾਵੇਂ ਕਿ ਕਈ ਲੇਖਕਾਂ ਵਲੋਂ ਵੀ ਅਗਲੀ ਪੀੜ੍ਹੀ ਨੂੰ ਚਲਾਉਣ ਲਈ ਪੁੱਤਰਾਂ ਨੂੰ ਉੱਤਮ ਦੱਸਿਆ ਗਿਆ ਹੈ, ਪਰ ਇੱਕ ਕੌੜਾ ਸੱਚ ਇਹ ਵੀ ਹੈ ਕਿ ਅਸੀਂ ਆਪਣੇ ਮਾਤਾ-ਪਿਤਾ ਦੇ ਦਾਦੇ ਪੜ੍ਹਦਾਦਿਆਂ ਦੇ ਨਾਮ ਤੱਕ ਨਹੀਂ ਜਾਣਦੇ ਹੁੰਦੇ ਭਾਵ ਕਿ ਇਹ ਵੀ ਕਿਹਾ ਜਾਂਦਾ ਹੈ ਕਿ ਪੁੱਤਰ ਸਾਡੇ ਨਾਮ ਨੂੰ ਜ਼ਿੰਦਾ ਰੱਖਣਗੇ ਉਹ ਨਾਮ ਸਿਰਫ 3 ਕੁ ਪੀੜ੍ਹੀਆਂ ਤੱਕ ਸਿਮਟ ਕੇ ਰਹਿ ਜਾਂਦਾ ਹੈ L ਸਿਰਫ ਨਾਮ ਜ਼ਿੰਦਾ ਰੱਖਣ ਦੇ ਭਰਮ ਭੁਲੇਖੇ ਕਾਰਨ ਧੀਆਂ ਨਾਲ ਕੀਤਾ ਜਾਣ ਵਾਲਾ ਵਿਤਕਰਾ ਬਹੁਤ



ਡਾ. ਐਚ. ਐਸ. ਬਾਵਾ



ਵੱਡਾ ਅਨਿਆਂ ਹੈ ਧੀਆਂ ਨਾਲ। ਰਹੀ ਗੱਲ ਵੰਸ਼ ਵਧਾਉਣ ਦੀ ਧੀਆਂ ਵੀ ਤਾਂ ਵੰਸ਼ ਵਧਾਉਂਦੀਆਂ ਹੀ ਹਨ। ਧੀਆਂ ਨਾਲ ਨਫ਼ਰਤ ਕਰਨ ਵਾਲੇ ਇਹ ਗੱਲ ਸਮਝ ਲੈਣ ਕਿ ਆਉਣ ਵਾਲਾ ਸਮਾਂ ਧੀਆਂ ਦਾ ਹੈ , ਜਿਸ ਦੀ ਸ਼ੁਰੂਆਤ ਹੋ ਚੁੱਕੀ ਹੈ ਜਿਵੇਂ ਕਿ ਧੀਆਂ ਪੜ੍ਹਾਈ ਸਮੇਤ ਹਰੇਕ ਫੀਲਡ ਵਿੱਚ ਮੱਲਾਂ ਮਾਰ ਰਹੀਆਂ ਹਨ ਪਰ ਇਸ ਦੇ ਉਲਟ ਵੱਡੀ ਗਿਣਤੀ ਵਿੱਚ ਮੁੰਡੇ ਨਸ਼ੇੜੀ ਬਣ ਕੇ ਮਾਪਿਆਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਲੜਕੀਆਂ ਦੀ ਲਗਾਤਾਰ ਘੱਟ ਰਹੀ ਗਿਣਤੀ ਕਾਰਨ ਅੱਜ ਸਾਰੇ ਪੁੱਤਰਾ ਦੇ ਰਿਸ਼ਤੇ ਨਹੀਂ ਹੋ ਰਹੇ, ਪਰ ਲੜਕੀਆਂ ਦੇ ਰਿਸ਼ਤਿਆਂ ਲਈ ਲਾਈਨਾਂ ਲੱਗੀਆਂ ਹੋਈਆਂ ਹਨ। ਕਿਸੇ ਲੇਖਕ ਨੇ ਸੱਚ ਹੀ ਲਿਖਿਆ ਹੈ ਕਿ ਪੁੱਤ ਵੰਡਣ ਜ਼ਮੀਨਾਂ ਧੀਆਂ ਦੁੱਖ ਵੰਡਾਉਂਦੀਆਂ ਨੇ ਜਾਂ ਹੁਣ ਇਸ ਤਰਾਂ ਵੀ ਕਹਿ ਸਕਦੇ ਹਾਂ ਕਿ ਪੁੱਤ ਬਣ ਰਹੇ ਕਾਤਲ - ਧੀਆਂ ਸਾਥ ਨਿਭਾਉਂਦੀਆਂ ਨੇ। ਜਦੋਂ ਪੁੱਤ ਮਾਪਿਆਂ ਨੂੰ ਪਿੱਠ ਵਿਖਾ ਜਾਂਦੇ ਹਨ ਤਾਂ ਧੀਆਂ ਹੀ ਮਾਪਿਆਂ ਨੂੰ ਸੰਭਾਲਦੀਆਂ ਹਨ। ਜੋ ਆਏ ਦਿਨ ਖ਼ਬਰਾਂ ਦੇਖਣ- ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਕਿ ਨਸ਼ੇੜੀ ਅਤੇ ਲਾਲਚੀ ਪੁਤਰ ਪੈਸਿਆਂ ਤੇ ਪ੍ਰਾਪਰਟੀ ਖਾਤਰ ਮਾਪਿਆਂ ਦੇ ਕਾਤਲ ਬਣ ਰਹੇ ਹਨ ਪਰ ਧੀਆਂ ਤਾਂ ਅਜਿਹਾ ਕੁੱਝ ਨਹੀਂ ਕਰ ਰਹੀਆਂ, ਉਹ ਤਾਂ ਹਮੇਸ਼ਾਂ ਮਾਪਿਆਂ ਦਾ ਭਲਾ ਹੀ ਚਾਹੁੰਦੀਆਂ ਹਨ, ਇਸ ਲਈ ਧੀਆਂ ਦੇ ਸਵਰ ਨੂੰ ਹੋਰ ਨਾਂ ਪਰਖਿਆ ਜਾਵੇ ਤਾਂ ਬੇਹਤਰ ਹੋਵੇਗਾ, ਕਿਉਂਕਿ ਮਾਪਿਆਂ ਦੇ ਵਿਤਕਰੇ ਕਾਰਨ ਅਗਰ ਧੀਆਂ ਅੰਦਰ ਮਾਪਿਆਂ ਪ੍ਰਤੀ ਨਫ਼ਰਤ ਦੀ ਚੰਗਿਆੜੀ ਸੁਲਗ ਗਈ ਤਾਂ ਨਤੀਜੇ ਭਿਆਨਕ ਹੋ ਸਕਦੇ ਹਨ, ਇਸ ਲਈ ਸੌੜੀ ਸੋਚ ਨੂੰ ਬਦਲਕੇ ਸਮਾਂ ਰਹਿੰਦਿਆਂ ਸਾਨੂੰ ਸੁਧਰ ਜਾਣਾ ਚਾਹੀਦਾ ਹੈ।

ਆਓ ਧੀਆਂ ਦਾ ਸਤਿਕਾਰ ਕਰੀਏ ਅਤੇ ਪੁਤਰਾਂ ਵਾਂਗ ਪਿਆਰ ਕਰੀਏ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH



Founder & Chief Editor : Gurmit Singh

1 516 989 8001 | 1 631 835 8000



Follow Us On /apnapunjabmedia

www.apnapunjabmedia.com newsroom@apnapunjabmedia.com









Copyright: Apna Punjab Media 2025-26


Graphic & Design: Apna Punjab Media Team



Founder & Chief Editor : Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com


VOL XVIII, ISSUE 1854 | SATURDAY FEBRUARY 07, 2026


# ਐਸਜੀਪੀਸੀ ਨੇ ਮੋਹਾਲੀ ਵਿੱਚ ਗੈਰ-ਕਾਨੂੰਨੀ ਜ਼ਮੀਨ ਸੌਦੇ ਦੇ ਮਾਮਲੇ ਵਿੱਚ ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਨੂੰ ਕੀਤਾ ਮੁਅੱਤਲ






- **ਵੱਖ-ਵੱਖ ਖਰੀਦਦਾਰਾਂ ਨੂੰ 1.32 ਕਰੋੜ ਰੁਪਏ ਵਿੱਚ ਵੇਚੀ ਜਮੀਨ**
- **ਮੋਹਾਲੀ ਦੇ ਸਬ-ਰਜਿਸਟਰਾਰ ਦਫ਼ਤਰ ਵਿਖੇ ਕਰਵਾਈ ਗਈ ਰਜਿਸਟ੍ਰੇਸ਼ਨ**

**ਚੰਡੀਗੜ੍ਹ:ਆਪਣਾਪੰਜਾਬ ਮੀਡੀਆ :** ਐਸ.ਏ.ਐਸ. ਨਗਰ ਦੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸਤਵੀਂ ਨਾਲ ਸਬੰਧਤ ਪ੍ਰਮੁੱਖ ਜ਼ਮੀਨ ਦੀ ਗੈਰ-ਕਾਨੂੰਨੀ ਵਿਕਰੀ ਦੇ ਮਾਮਲੇ ਵਿੱਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੇ ਗੁਰਦੁਆਰੇ ਦੇ ਮੈਨੇਜਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜੋ ਅੱਜ ਇੱਥੇ ਸਨ, ਨੇ ਦੋਸ਼ੀ, ਜਿਸਦੀ ਪਛਾਣ ਰਾਜਿੰਦਰ ਸਿੰਘ ਵਜੋਂ ਹੋਈ ਹੈ, ਵਿਰੁੱਧ ਕਾਨੂੰਨੀ ਕਾਰਵਾਈ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਨੂੰ ਬਦਨਾਮ ਕਰਨ ਵਾਲੇ ਰਜਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜੇਕਰ ਕਿਸੇ ਹੋਰ ਵਿਅਕਤੀ ਦੀ ਸ਼ਮੂਲੀਅਤ ਪਾਈ ਜਾਂਦੀ ਹੈ, ਤਾਂ ਉਸ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ।

ਗੁਰਦੁਆਰਾ ਸ੍ਰੀ ਅੰਬ ਸਾਹਿਬ, ਫੇਜ਼ 8 ਦੀ ਮਾਲਕੀ ਵਾਲੇ ਆਈਟੀ ਸਿਟੀ ਖੇਤਰ (ਸੈਕਟਰ 101) ਦੇ ਪਿੰਡ ਸੈਣੀ ਮਾਜਰਾ (ਪ੍ਰੇਮਗੜ੍ਹ) ਵਿੱਚ ਸਥਿਤ 1 ਵਿੱਘੇ, 6 ਬਿਸਵੇ ਅਤੇ 10 ਬਿਸਵਾ ਜ਼ਮੀਨ ਦੀ ਕਥਿਤ ਤੌਰ 'ਤੇ ਵਿਕਰੀ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ ਹੈ। ਇਹ ਜ਼ਮੀਨ ਕਥਿਤ ਤੌਰ 'ਤੇ ਵੱਖ-ਵੱਖ ਖਰੀਦਦਾਰਾਂ ਨੂੰ 1.32 ਕਰੋੜ ਰੁਪਏ ਵਿੱਚ ਵੇਚੀ ਗਈ ਸੀ ਅਤੇ ਇਸਦੀ ਰਜਿਸਟ੍ਰੇਸ਼ਨ ਪਿਛਲੇ ਸਾਲ 2 ਦਸੰਬਰ ਨੂੰ ਮੋਹਾਲੀ ਦੇ ਸਬ-ਰਜਿਸਟਰਾਰ ਦਫ਼ਤਰ ਵਿੱਚ ਕੀਤੀ ਗਈ ਸੀ। ਅੰਦਰੂਨੀ ਸੂਤਰਾਂ ਨੇ ਦੱਸਿਆ ਕਿ ਜੇਕਰ ਖੁੱਲ੍ਹੀ ਨਿਲਾਮੀ ਹੁੰਦੀ, ਤਾਂ ਉਹੀ ਜ਼ਮੀਨ 15 ਤੋਂ 20 ਕਰੋੜ ਰੁਪਏ ਦੇ ਵਿਚਕਾਰ ਮਿਲ ਸਕਦੀ ਸੀ। ਇਹ ਮੁੱਦਾ ਉਦੋਂ ਸਾਹਮਣੇ ਆਇਆ ਜਦੋਂ ਪਿੰਡ ਦੇ ਲੋਕਾਂ ਨੇ, ਸ਼੍ਰੋਮਣੀ ਅਕਾਲੀ ਦਲ ਦੇ ਮੋਹਾਲੀ ਹਲਕੇ ਦੇ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਦੇ ਨਾਲ, ਇਸ ਗੱਲ ਦਾ ਖਦਸ਼ਾ ਪ੍ਰਗਟ ਕੀਤਾ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਗੁਰਦੁਆਰਾ ਪ੍ਰਬੰਧਕ ਦੇ ਇਸ਼ਾਰੇ 'ਤੇ ਕੀਤੇ ਜਾ ਰਹੇ ਇਸ ਧੋਖਾਧੜੀ ਵਾਲੇ ਸੌਦੇ ਬਾਰੇ ਜਾਣੂ ਕਰਵਾਇਆ। ਇਸ ਮਾਮਲੇ ਦੀ ਵਿਸਥਾਰਤ ਵਿਭਾਗੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ।

## ਕੈਨੇਡੀਅਨ ਮੰਤਰੀ ਰਾਜਨ ਸਾਹਨੀ ਨੇ ਭਾਰਤ ਨਾਲ ਬਿਹਤਰ ਸਬੰਧਾਂ ਲਈ ਨਵੇਂ ਸਿਰੇ ਤੋਂ ਦਿੱਤਾ ਜ਼ੋਰ





**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੇ ਆਦਿਵਾਸੀ ਸਬੰਧਾਂ ਬਾਰੇ ਮੰਤਰੀ ਰਾਜਨ ਸਾਹਨੀ ਨੇ ਚੰਡੀਗੜ੍ਹ ਯੂਨੀਵਰਸਿਟੀ ਦੀ ਆਪਣੀ ਫੇਰੀ ਦੌਰਾਨ ਭਾਰਤ-ਕੈਨੇਡੀਅਨ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ ਨਵੇਂ ਸਿਰੇ ਤੋਂ ਜ਼ੋਰ ਦਿੰਦੇ ਹੋਏ ਕਿਹਾ ਕਿ ਕੈਨੇਡਾ ਚਾਹੁੰਦਾ ਹੈ ਕਿ ਭਾਰਤ ਇਹ ਜਾਣੇ ਕਿ ਅਸੀਂ ਇੱਕ ਭਰੋਸੇਮੰਦ, ਭਰੋਸੇਮੰਦ ਭਾਈਵਾਲ ਹਾਂ ਅਤੇ ਸਾਡੇ ਸਬੰਧਾਂ ਲਈ ਅੱਗੇ ਦਾ ਰਸਤਾ ਸਕਾਰਾਤਮਕ ਅਤੇ ਉਤਪਾਦਕ ਹੈ।

ਕੈਨੇਡੀਅਨ ਮੰਤਰੀ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਆਯੋਜਿਤ 'ਬਿਓਂਡ ਡਿਪਲੋਮੇਸੀ: ਪੀਪਲ, ਗਿਆਨ ਅਤੇ ਯੁਵਾ ਭਾਰਤ-ਕੈਨੇਡਾ ਸਬੰਧਾਂ ਦੇ ਭਵਿੱਖ' ਸਮਾਗਮ ਵਿੱਚ ਬੋਲ ਰਹੇ ਸਨ, ਜਿੱਥੇ ਉਹ ਡੂੰਘੇ ਵਪਾਰ, ਅਕਾਦਮਿਕ, ਖੋਜ ਅਤੇ ਆਰਥਿਕ ਸਹਿਯੋਗ ਦੀ ਪੜਚੋਲ ਕਰਨ ਲਈ ਭਾਰਤ ਦੇ ਦੌਰੇ 'ਤੇ ਆਏ ਇੱਕ ਉੱਚ ਪੱਧਰੀ ਕੈਨੇਡੀਅਨ ਵਫ਼ਦ ਦਾ ਹਿੱਸਾ ਸਨ।

## Lok sabha 'ਚ PM ਦੇ ਸੰਬੋਧਨ ਤੋਂ ਬਿਨਾਂ ਧੰਨਵਾਦ ਮਤਾ ਕੀਤਾ ਗਿਆ ਪਾਸ




- **2004 ਤੋਂ ਬਾਅਦ ਪਹਿਲੀ ਵਾਰ ਹੋਇਆ ਅਜਿਹਾ**
- **ਲੋਕ ਸਭਾ ਤੇ Rajya Sabha ਵਿੱਚ ਹੰਗਾਮਾ**

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਲੋਕ ਸਭਾ ਵਿਚ ਬਜਟ ਸੈਸ਼ਨ ਦੌਰਾਨ ਖਾਸਾ ਹੰਗਾਮਾ ਹੋਇਆ। ਇਸ ਦੌਰਾਨ ਰੌਲਾ ਰੱਪਾ ਪਿਆ ਜਿਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਸ਼ਣ ਨਾ ਦੇ ਸਕੇ। ਇਹ 2004 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਨੇ ਸੰਬੋਧਨ ਨਾ ਕੀਤਾ ਤੇ ਧੰਨਵਾਦ ਮਤਾ ਪਾਸ ਹੋਇਆ। ਇਸ ਤੋਂ ਪਹਿਲਾਂ ਸਾਲ 2004 ਦੌਰਾਨ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਧੰਨਵਾਦ ਪ੍ਰਸਤਾਵ ਵੇਲੇ ਬੋਲਣ ਨਹੀਂ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੂੰ ਲੋਕ ਸਭਾ ਵਿਚ ਬੋਲਣ ਨਾ ਦੇਣ 'ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਵਿਰੋਧ ਪ੍ਰਗਟਾਇਆ। ਜਾਣਕਾਰੀ ਅਨੁਸਾਰ ਅੱਜ ਰਾਜ ਸਭਾ ਤੇ ਲੋਕ ਸਭਾ ਵਿਚ ਖਾਸਾ ਹੰਗਾਮਾ ਹੋਇਆ। ਇਸ ਹੰਗਾਮੇ ਦਰਮਿਆਨ ਲੋਕ ਸਭਾ ਨੂੰ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਵਿਰੋਧੀ ਧਿਰਾਂ ਨੇ ਨਾਅਰੇਬਾਜ਼ੀ ਕੀਤੀ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1516 989 8001 | 1631 835 8000
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਅਮਰੀਕਾ 'ਚ ਅੰਸ਼ਕ ਸਰਕਾਰੀ ਤਾਲਾਬੰਦੀ ਕੀਤੀ ਖ਼ਤਮ

## ਟਰੰਪ ਨੇ ਤਾਲਾਬੰਦੀ ਖ਼ਤਮ ਕਰਨ ਵਾਲੇ ਬਿੱਲ 'ਤੇ ਕੀਤੇ ਦਸਤਖ਼ਤ




**ਵਾਸ਼ਿੰਗਟਨ ਡੀ ਸੀ :ਆਪਣਾ ਪੰਜਾਬ ਮੀਡੀਆ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਸਰਕਾਰੀ ਕੰਮਕਾਜ ਮੁੜ ਤੋਂ ਸ਼ੁਰੂ ਕਰਨ ਲਈ ਬਿੱਲ 'ਤੇ ਦਸਤਖ਼ਤ ਕੀਤੇ। ਓਵਲ ਆਫਿਸ ਵਿੱਚ ਰਾਸ਼ਟਰਪਤੀ ਨੇ ਕਿਹਾ, "ਮੈਂ ਇਸਤੇਮਾਲ ਐਕਟ 'ਤੇ ਦਸਤਖ਼ਤ ਕਰ ਕੇ ਬਹੁਤ ਖੁਸ਼ ਹਾਂ ਤਾਂ ਜੋ ਫੈਡਰਲ ਸਰਕਾਰ ਦੇ ਕੰਮਕਾਜ ਨੂੰ ਤੁਰੰਤ ਮੁੜ ਤੋਂ ਸ਼ੁਰੂ ਕੀਤਾ ਜਾ ਸਕੇ ਅਤੇ ਬਾਕੀ ਵਿੱਤੀ ਵਰ੍ਹੇ ਲਈ ਜ਼ਿਆਦਾਤਰ ਕੰਮਕਾਜਾਂ ਨੂੰ ਫੰਡ ਦਿੱਤਾ ਜਾ ਸਕੇ।"ਟਰੰਪ ਦੇ ਦਸਤਖ਼ਤਾਂ ਨਾਲ ਤਿੰਨ ਦਿਨਾਂ ਤੋਂ ਚੱਲ ਰਹੀ ਅੰਸ਼ਕ ਸਰਕਾਰੀ ਤਾਲਾਬੰਦੀ ਖ਼ਤਮ ਹੋ ਗਈ ਹੈ। ਇਹ ਬਿੱਲ ਕਈ ਮਹੱਤਵਪੂਰਨ ਵਿਭਾਗਾਂ ਨੂੰ ਫੰਡ ਮੁਹੱਈਆ ਕਰਵਾਉਂਦਾ ਹੈ, ਇਹ ਹੋਮਲੈਂਡ ਸਕਿਓਰਿਟੀ ਵਿਭਾਗ (ਡੀ ਐੱਚ ਐੱਸ) ਲਈ ਸਿਰਫ਼ ਦੋ ਹਫ਼ਤਿਆਂ ਦਾ ਸਮਾਂ ਦਿੰਦਾ ਹੈ ਜਿਸ ਤੋਂ ਬਾਅਦ ਦੁਬਾਰਾ ਫੰਡਿੰਗ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਇਹ ਤਾਲਾਬੰਦੀ ਤਿੰਨ ਦਿਨਾਂ ਬਾਅਦ ਖ਼ਤਮ ਹੋਈ ਹੈ। ਹੋਮਲੈਂਡ ਸਕਿਓਰਿਟੀ ਲਈ ਫੰਡਿੰਗ ਦਾ ਮੁੱਦਾ ਅਜੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ।

# ਚੀਨ ਦੇ ਦਬਦਬੇ ਨੂੰ ਟੱਕਰ ਦੇਣ ਲਈ ਅਮਰੀਕਾ ਦਾ 50 ਦੇਸ਼ਾਂ ਦਾ ਖਣਿਜ ਗਠਜੋੜ

**ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਅ:** ਅਮਰੀਕਾ ਨੇ ਚੀਨ ਦੇ ਦੁਰਲੱਭ ਅਤੇ ਮਹੱਤਵਪੂਰਨ ਖਣਿਜਾਂ ਉੱਤੇ ਦਬਦਬੇ ਨੂੰ ਚੁਣੌਤੀ ਦੇਣ ਲਈ ਲਗਭਗ 50 ਦੇਸ਼ਾਂ ਦੇ ਇੱਕ ਅੰਤਰਰਾਸ਼ਟਰੀ ਵਪਾਰਕ ਗਠਜੋੜ ਦਾ ਪ੍ਰਸਤਾਵ ਰੱਖਿਆ ਹੈ। ਇਹ ਐਲਾਨ ਵਾਸ਼ਿੰਗਟਨ ਵਿੱਚ ਹੋਈ 'ਨਾਜ਼ੁਕ ਖਣਿਜ ਮੰਤਰੀ ਮੰਡਲ' ਮੀਟਿੰਗ ਦੌਰਾਨ ਕੀਤਾ ਗਿਆ।ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਕਿਹਾ ਕਿ ਇਹ ਗਠਜੋੜ ਕੀਮਤਾਂ ਨੂੰ ਸਥਿਰ ਰੱਖਣ ਅਤੇ ਚੀਨ ਵੱਲੋਂ ਬਾਜ਼ਾਰ ਵਿੱਚ ਅਧਿਕ ਸਪਲਾਈ ਕਰਕੇ ਮੁਕਾਬਲੇਬਾਜ਼ਾਂ ਨੂੰ




## ਜੈਸ਼ੰਕਰ ਨੇ ਸਪਲਾਈ ਚੇਨਾਂ ਨੂੰ ਘੱਟ-ਜੋਖਮ ਬਣਾਉਣ ਦੀ ਲੋੜ ਉਤੇ ਦਿੱਤਾ ਜ਼ੋਰ

ਕਮਜ਼ੋਰ ਕਰਨ ਦੀ ਰਣਨੀਤੀ ਤੋਂ ਬਚਾਅ ਲਈ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਈ ਦੇਸ਼ ਪਹਿਲਾਂ ਹੀ ਇਸ ਯੋਜਨਾ ਨਾਲ ਜੁੜ ਚੁੱਕੇ ਹਨ।ਮੀਟਿੰਗ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਹਿੱਸਾ ਲੈਂਦਿਆਂ ਸੰਰਚਿਤ ਅੰਤਰਰਾਸ਼ਟਰੀ ਸਹਿਯੋਗ ਰਾਹੀਂ ਸਪਲਾਈ ਚੇਨਾਂ ਨੂੰ ਵਧੇਰੇ ਲਚਕੀਲਾ ਅਤੇ ਘੱਟ-ਜੋਖਮ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਭਾਰਤ ਦੀਆਂ ਮਹੱਤਵਪੂਰਨ ਖਣਿਜ ਮਿਸ਼ਨ ਅਤੇ ਦੁਰਲੱਭ ਧਰਤੀ ਗਲਿਆਰੇ ਵਰਗੀਆਂ ਪਹਿਲਕਦਮੀਆਂ ਦਾ ਵੀ ਜ਼ਿਕਰ ਕੀਤਾ।

# ਅਮਰੀਕਾ ਦੇ ਓਰੇਗਨ 'ਚ ਵਾਰੰਟ ਤੋਂ ਬਿਨਾਂ ਗ੍ਰਿਫ਼ਤਾਰੀ 'ਤੇ ਲਗਾਈ ਰੋਕ




**ਪੋਰਟਲੈਂਡ :ਆਪਣਾ ਪੰਜਾਬ ਮੀਡੀਆ:**ਇੱਥੋਂ ਦੀ ਇਕ ਅਦਾਲਤ ਨੇ ਕਿਹਾ ਕਿ ਓਰੇਗਨ ਵਿੱਚ ਜਦੋਂ ਤਕ ਸ਼ੱਕੀ ਵਿਅਕਤੀ ਭੱਜਣ ਦੀ ਕੋਸ਼ਿਸ਼ ਨਾ ਕਰਨ ਤਦ ਤਕ ਅਮਰੀਕੀ ਇਮੀਗ੍ਰੇਸ਼ਨ ਏਜੰਟ ਬਿਨਾਂ ਵਾਰੰਟ ਦੇ ਇਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰਨ। ਇਸ ਸਬੰਧੀ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਇਸ ਵਰਤਾਰੇ ਕਾਰਨ ਲੋਕਾਂ ਵਿਚ ਰੋਸ ਹੈ।ਯੂਐਸ ਜ਼ਿਲ੍ਹਾ ਜੱਜ ਮੁਸਤਫਾ ਕਸੁਭਾਈ ਨੇ ਕਿਹਾ ਕਿ ਜੇ ਇਸ ਸਬੰਧੀ ਲੋਕ ਪੁਲੀਸ ਨਾਲ ਸਹਿਯੋਗ ਕਰ ਰਹੇ ਹਨ ਤਾਂ ਉਨ੍ਹਾਂ 'ਤੇ ਸਖਤੀ ਨਾ ਕੀਤੀ ਜਾਵੇ।

ਇਸ ਤੋਂ ਪਹਿਲਾਂ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਖ਼ਿਲਾਫ਼ ਕਾਰਵਾਈ ਤੇਜ਼ ਕੀਤੀ ਸੀ।ਇਹ ਮੁਹਿੰਮ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੀ ਕੋਸ਼ਿਸ਼ ਦਾ ਹਿੱਸਾ ਹੈ।

# ਅਮਰੀਕਾ-ਰੂਸ ਪਰਮਾਣੂ ਸਮਝੌਤੇ ਦੀ ਮਿਆਦ ਹੋਈ ਖ਼ਤਮ

## ਪੂਤਿਨ ਸਮਝੌਤਾ ਇਕ ਸਾਲ ਹੋਰ ਵਧਾਉਣ ਦੇ ਹਾਮੀ, ਟਰੰਪ ਇਨਕਾਰੀ




**ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਅ:** ਰੂਸ ਤੇ ਅਮਰੀਕਾ ਦਰਮਿਆਨ ਪਰਮਾਣੂ ਹਥਿਆਰਾਂ ਨੂੰ ਲੈ ਕੇ ਹੋਇਆ ਸਮਝੌਤਾ 'ਨਿਊ ਸਟਾਰਟ' ਵੀਰਵਾਰ ਨੂੰ ਖ਼ਤਮ ਹੋ ਰਿਹਾ ਹੈ।

ਇਸ ਨਾਲ ਅੱਧੀ ਸਦੀ ਮਗਰੋਂ ਪਹਿਲੀ ਵਾਰ ਦੋ ਸਭ ਤੋਂ ਵੱਡੇ ਪਰਮਾਣੂ ਹਥਿਆਰਾਂ ਦੇ ਜ਼ਖੀਰਿਆਂ 'ਤੇ ਕੋਈ ਵੀ ਰੋਕ ਨਹੀਂ ਰਹੇਗੀ। ਸਮਝੌਤੇ ਦਾ ਭੋਗ ਪੈਣ ਨਾਲ ਨਵੇਂ ਪਰਮਾਣੂ ਹਥਿਆਰਾਂ ਦੀ ਦੌੜ ਲੱਗ ਸਕਦੀ ਹੈ ਜਿਸ ਦਾ ਕਈ ਲੋਕਾਂ ਨੂੰ ਡਰ ਸਤਾ ਰਿਹਾ ਹੈ। ਇਸ ਦੌਰਾਨ ਪੋਪ ਲੀਓ ਨੇ ਰੂਸ ਅਤੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਸਮਝੌਤਾ ਨਵਿਆਉਣ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਐਲਾਨ ਕੀਤਾ ਹੈ ਕਿ ਜੇ ਅਮਰੀਕਾ ਹਾਮੀ ਭਰੇ ਤਾਂ ਉਹ ਇਸ ਸਮਝੌਤੇ ਦੀਆਂ ਸ਼ਰਤਾਂ ਇਕ ਸਾਲ ਹੋਰ ਮੰਨਣ ਲਈ ਤਿਆਰ ਹਨ; ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਸ ਨੂੰ ਅੱਗੇ ਵਧਾਉਣ ਤੋਂ ਇਨਕਾਰੀ ਹਨ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਟਰੰਪ ਵਾਰ-ਵਾਰ ਇਸ਼ਾਰਾ ਕਰ ਚੁੱਕੇ ਹਨ ਕਿ ਉਹ ਪਰਮਾਣੂ ਹਥਿਆਰਾਂ ਲਈ ਹੱਦ ਤੈਅ ਕਰਨ ਨਾਲ ਹਥਿਆਰ ਕੰਟਰੋਲ ਬਾਰੇ ਇਸ ਗੱਲਬਾਤ ਵਿੱਚ ਚੀਨ ਨੂੰ ਸ਼ਾਮਲ ਕਰਨਾ ਚਾਹੁੰਦੇ ਹਨ। ਅਧਿਕਾਰੀ ਨੇ ਕਿਹਾ ਕਿ ਟਰੰਪ ਇਸ ਬਾਰੇ ਆਪਣੇ ਹਿਸਾਬ ਨਾਲ ਫ਼ੈਸਲਾ ਕਰਨਗੇ।


Copyright: Apna Punjab Media 2025-26
Graphic & Design: Apna Punjab Media Team

# MATRIMONIAL ADS

## MATRIMONIAL

Name: Saini Sikh Girl
Date of Birth: 28 February 1998
Height: 5'4"Complexion: Fair
Education: M.Sc. in Food Technology
Profession: Employed in Gujarat
Gotra: Dhamrait / Tumber
Preferred Match: Army or Air Force Officer
Contact:Mr. Jasvir Singh
House No. 1702, Hospital Road, Ropar
Phone: 94174-85091, 94788-27828

## MATRIMONIAL

Name: Saini Sikh Girl
Date of Birth: 21 July 1997
Height: 5'7"Complexion: Fair
Education: M.Com with Computer Course
Profession: Employed with Sun Pharma (Private Sector)
Gotra: Mundra / Gahania
Preferred Match: Turbaned Sikh Boy
Contact:S. Manjit Singh
House No. 4533, Bari Haveli (Haveli Kalan)
Phone: 97819-92581

## MATRIMONIAL

Name: Saini Sikh Girl
Date of Birth: 22 October 1998
Height: 5'4.5"Complexion: Wheatish
Education: B.P.T., Diploma in Nutrition, pursuing M.H.A.
Profession: DoctorGotra: Dhal / Dhamrait
Preferred Match: Turbaned Sikh Boy from a well-educated family, P.R. holder in Canada or Citizen of any European country
Contact:S. Ajit Singh
ILD Greens, Tower-6, Flat No. 702, Sector 37C, Gurgaon (Haryana)
Phone: 98114-00853, 98115-70853

## MATRIMONIAL

Name: Saini Hindu Girl
Date of Birth: 1993, Height: 5'2"Complexion: Fair
Education: BCA Graduate, Profession: Homemaker
Gotra: Kaloty
Preferred Match: Punjabi Saini boy, aged between 30 to 36 years, well-educated and well-settled in a respectable profession
Contact:Mr. Lakashman Parsad
House No. 3377/3, Bhargo Nagar, Jalandhar
Phone: 96466-00926, 62396-00926

## MATRIMONIAL

Name: Saini Sikh Girl
Date of Birth: 18 July 1998, Height: 5'2"Complexion: Fair
Education: B.Sc. Nursing, Profession: Nursing Officer at PGI, Chandigarh
Gotra: Girn / Badwal
Preferred Match: Turbaned Sikh boy belonging to the Sikh religion, employed in a government job, and settled in the Tricity area (Chandigarh, Mohali, Panchkula)
Contact:S. Gurnam SinghVPO Bhallri, Tehsil Nangal, District Ropar (Punjab)
Phone: 94173-35335

## MATRIMONIAL

Name: Saini Sikh Girl
Date of Birth: September 1998
Height: 5'6"Complexion: Fair
Education: B.Sc. and B.H.Sc. (Canada)
Profession: Employed in a Government Hospital, Ontario (Canada)
Gotra: Kanithlia / Panthila
Preferred Match: Well-educated, tall, Canadian P.R. holder or Citizen
Contact:S. Ranjit Singh
House No. 99, Sun Enclave, Ropar
Phone: 94177-33307

## WANTED BRIDE

Sikh Jat family looking for sikh girl from NY Tri-State area for their son ,born 1988, 5'9", handsome, intelligent, virtual event producer, 6 figure income, born, US citizen.
Pls call or write Rita G. 917 797 1117 or Email: sikhgurus@gmail.com.

## MATRIMONIAL

Name: Saini Sikh Girl
Date of Birth: 29 August 1994, Height: 5'3"Complexion: Fair
Education: B.Tech (Computer Science & Engineering), Post Graduate Diploma in Cyber Security Profession: Employed in Canada (Permanent Resident)
Income: 6,000 CAD per month
Gotra: Dhamrait / Banwait
Preferred Match: Equally qualified match, either from India or Canada
Contact:S. Jasvir SinghJagjit Nagar, RoparPhone: 94642-55626

## MATRIMONIAL

Name: Saini Hindu Girl (Divorced)
Date of Birth: 10 February 1991
Time of Birth: 12:30 PM (Ambala)
Height: 5'1" Complexion: Fair
Education: Degree in Nursing and B.A.
Profession: Staff Nurse at a Private Hospital
Gotra: Medhwan / Lambe
Preferred Match: Suitable, understanding, and well-settled Punjabi Saini match
Contact:Mr. Rann Singh / Ms. Samiksha Saini
House No. 1, Raipur Khurd, Chandigarh
160003Phone: 79733-01900

## WANTED BRIDE

Punjabi, sikh, parents invite correspondence for their Clean shaven, 35 y, 5'9", US born, virtual event producer, family oriented, indeoendant, charming, son.Pls contact parents sikhgurus@gmail.com or 917 797 1117

## MATRIMONIAL

Saini Hindu Girl – Fair, 5'4", D.O.B. 11.11.1998, B.Tech (CSE), employed as Data Scientist at Cars24. Belongs to a respectable family (Gotra: Sutrala/Chera). Seeks well-educated Hindu Saini boy from a good family background.
Contact: Chander Mohan, #90, Ward No. 5, Shri Chamkaur Sahib Road, Near Anaj Mandi, Distt. Ropar.Ph: 94649-44305

## MATRIMONIAL

Saini Sikh Girl – Fair, 5'7", D.O.B. 09.11.1993, B.Tech (CSE), M.S. (CSE, USA), working as Software Engineer in USA, earning USD 1,00,000 annually. Belongs to a respectable family (Gotra: Nanuan/Gidde). Seeks well-qualified, vegetarian Sikh boy with USA/Canada PR or citizenship.Contact: Satwinder Singh, Flat No. A-604, Palm Village, Sec-126, Mohali.Ph: 81460-22355

## MATRIMONIAL

Saini Sikh Girl – Fair, 5'3", D.O.B. 24.08.1999, B.Sc. Nursing, pursuing M.Sc. Nursing. Belongs to a respectable family (Gotra: Nanuan/Dhamrait). Seeking a well-educated, suitable Sikh boy, preferably from Ropar area.
Contact: S. Jagdev Singh, Vill. Tajowal, Distt. S.B.S. Nagar.
Ph: 84279-79909

## MATRIMONIAL

Saini Sikh Boy – Fair, 5'3", D.O.B. 16.10.1994, B.Tech (Civil Engineering), employed with Bentley Systems.
Belongs to a respectable family (Gotra: Kloti/Jhaudeer).
Seeks suitable, well-educated Saini Sikh girl from a good family background.
Contact: Manjit Singh, Jaja Chowk, Tanda, Mohali. Ph: 75080-90397, 98552-24606

## WANTED BRIDE

Saini Sikh Boy – Fair, 5'11", D.O.B. 15.04.1991, BCA, MBA, working as Hotel Manager in Canada on Work Permit.
Belongs to a respectable family (Gotra: Masute/Nanuan).
Seeks well-educated Saini Sikh girl, preferably professionally qualified.
Contact: S. Gurpal Singh, Village Kherabad, Distt. Ropar.Ph: 62806-07428, 98789-61079

## WANTED BRIDE

Saini Sikh Boy – Fair, 5'8", D.O.B. 06.08.1991, Diploma in Mechanical Engineering, employed as Conductor in PRTC. Belongs to a respectable family (Gotra: Masuta/Nanuan). Seeks suitable, well-educated Saini Sikh girl from a good family. Contact: S. Hazara Singh, Nanak Pura Colony, Ropar.
Ph: 62802-02332, 94177-06563

## WANTED BRIDE

Saini Sikh Boy – Fair, 6', D.O.B. 23.09.1996, B.Com (Hons) Delhi University, Global Business Management (Humber College, Toronto). Working as Finance/Accounts Professional in Canada. Income CAD 65,000 p.a. (Gotra: Banwait). Seeks well-educated, decent Saini Sikh girl (Height 5'3" & above), PR/Citizen of Canada preferred.Contact: S. Jasbir Singh Saini, A-2/76, 3rd Floor, Paschim Vihar, New Delhi – 110063.Ph: 98110-35915

## WANTED BRIDE

Saini Sikh Boy – Fair, 5'10", D.O.B. Jan 1996, M.Sc. (Agriculture), employed with HDFC Bank, Mohali. Belongs to a respectable family (Gotra: Mundra/Gahunia). Seeks suitable, well-educated Saini Sikh girl from a decent family background.Contact: Manjit Singh, #4533, Haveli (Kalan).Ph: 97819-92581



Copyright: Apna Punjab Media 2025-26

